ੴ ਸਤਿਗੁਰ ਪ੍ਰਸਾਦਿ ॥

(ਸ ਸਥਾਪਕ ਭਾਈ ਵੀਰ ਸਿੰਘ)

# ਨਿਰਗੁਣੀਆਰਾ

ਸਾਲ : 120 ਟ੍ਰੈਕਟ ਨੰ : 1713 ਅਕਤੂਬਰ-ਨਵੰਬਰ-ਦਸੰਬਰ 2014

## ਤਤਕਰਾ

1. ਸ ਪਾਦਕੀ: ਡਾ. ਸ.ਪ.ਸਿ ਘ 1

2. ਵਡੇ ਦੀਆਂ ਵਡਿਆਈਆਂ : (ਭਾਈ ਵੀਰ ਸਿ ਘਜੀ ਸਮਕਾਲੀ ਨਾਮਵਰ ਸਾਹਿਤਕਾਰਾਂ ਦੀਆਂ ਨਜ਼ਰਾਂ ਵਿਚ) 2

3. ਨਾਰਿ ਭਤਾਰ ਪਿਆਰ ਹੈ ਭਾਈ ਸਾਹਿਬ ਡਾ.ਵੀਰ ਸਿ ਘ 4

4. ਮਹਾਂਕਾਵਿ ਰਾਣਾ ਸੂਰਤ ਸਿ ਘ:ਨਾਰੀ ਬਿ ਬਾਕਣ ਡਾ.ਅ ਮ੍ਰਿਤਪਾਲਕੌਰ 9

5. ਸਿੱਖਮਰਿਆਦਾ ਦੀ ਪ੍ਰਤੀਕ: ਭਾਈ ਵੀਰ ਸਿ ਘਜੀ ਦੀ ਸੁ ਦਰੀ ਡਾ.ਸੁਖਬੀਰ ਕੌਰ ਮਾਹਲ 12

6. ਭਾਈ ਸਾਹਿਬ ਭਾਈ ਵੀਰ ਸਿ ਘਦੀ : ਨਾਰੀ ਸ ਵੇਦਨਾਦੇ ਸ ਦਰਭ ਡਾ.ਗੁਰਨਾਮ ਕੌਰ ਬੇਦੀ 16

7. ਭਾਈ ਵੀਰ ਸਿ ਘਜੀ ਦੀਆਂ ਕਿਰਤਾਂ ਵਿਚ: ਨਾਰੀ ਦਾ ਸਿੱਖਆਦਰਸ਼ ਡਾ.ਰਾਜਿ ਦਰਜੀਤ ਕੌਰ ਢੀਂਢਸਾ 18

8. ਪਾਠਕਾਂ ਦੇ---- ਪ੍ਰਤੀਕਰਮ 23

**ਸਰਪ੍ਰਸਤ**
ਸ੍ਰ. ਚਰਨਜੀਤ ਸਿੰਘ ਚੱਢਾ, ਪ੍ਰਧਾਨ
**ਮੁੱਖ ਸੰਪਾਦਕ** : ਡਾ: ਸ.ਪ. ਸਿੰਘ
**ਸੰਪਾਦਕ**: ਡਾ: ਜਸਬੀਰ ਸਿੰਘ 'ਸਾਬਰ'
**ਸਲਾਹਕਾਰ**
ਸ. ਨਿਰਮਲ ਸਿੰਘ, ਡਾ. ਜਸਵਿੰਦਰ ਸਿੰਘ ਢਿੱਲ ੋਂ,
ਸ. ਸੰਤ ਖ ਸਿੰਘ ਸੇਠੀ, ਬੀਬੀ ਕਿਰਨਜਤ ਕੌਰ
ਸ. ਕੁਲਜੀਤ ਸਿੰਘ, ਡਾ. ਧਰਮਵੀਰ ਸਿੰਘ, ਸ. ਅਜੀਤ ਸਿੰਘ

ਪ੍ਰਕਾਸ਼ਕ
ਖ਼ਾਲਸਾ ਟ੍ਰੈਕਟ ਸੁਸਾਇਟੀ
ਚੀ ਖ਼ਾਲਸਾ ਦੀਵਾਨ
ਜੀ.ਟੀ. ਰ ਡ, ਅੰਮ੍ਰਿਤਸਰ — 143001
Ph.- 0183-2562253
E-mail- ktsckd@gmail.com

**ਪ੍ਰਿੰਟਰ**
ਪ੍ਰਿੰਟਵੈੱਲ, 146, ਇੰਡ੍ਰਸਟੀਅਲ ਕਲ ਪੁਆਇੰਟ, ਅੰਮ੍ਰਿਤਸਰ

## ਸੰਪਾਦਕੀ

ਖ਼ਾਲਸਾ ਟ੍ਰੈਕਟ ਸੁਸਾਇਟੀ ਚੀ ਖ਼ਾਲਸਾ ਦੀਵਾਨ ਦੁਆਰਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸਰਪਰਸਤੀ ਹੇਠ ਲੰਬੇ ਸਮੇਂ ਤ ਂਪ੍ਰਕਾਸ਼ਤ ਹੁੰਦਾ ਟ੍ਰੈਕਟ ਪੱਤਰ ਨਿਰਗੁਣਆਰਾ ਦਾ ਨਵੇਂ ਰੂਪ ਵਿਚ ਪ੍ਰਕਾਸ਼ਤ ਤੀਜਾ ਅੰਕ ਪਾਠਕਾਂ ਨੂੰ ਭੇਂਟ ਕਰਦਿਆਂ ਖ਼ੁਸ਼ੀ ਤੇ ਮਾਨਸਿਕ ਤਸਲੀ ਦਾ ਅਹਿਸਾਸ ਪ੍ਰਗਟਾਉਂਦਾ ਹੈ। ਨਿਰਗੁਣੀਆਰਾ ਦੇ ਪਹਿਲੇ ਦ ਅੰਕਾਂ ਨੂੰ ਹਰ ਵਰਗ ਵਲ ੋਂ ਪ੍ਰਾਪਤ ਹੁੰਗਾਰਾ ਇਸ ਦੇ ਰੂਪ ਨੂੰ ਹ ਰ ਸੰਵਾਰਨ ਤੇ ਸੁਧਾਰਨ ਲਈ ਨਵੇਂ ਅਵਸਰ ਪ੍ਰਦਾਨ ਕਰੇਗਾ।

ਨਿਰਗੁਣੀਆਰਾ ਦਾ ਤੀਜਾ ਅੰਕ ਮੂਲ ਰੂਪ ਵਿਚ ਸਿੱਖ ਧਰਮ ਵਿੱਚ ਇਸਤਰੀ ਦੇ ਸਨਮਾਨਯ ਗਸਥਾਨ ਨੂੰ ਸਰਮਪਤ ਹੈ। ਭਾਈ ਸਾਹਿਬ ਨੇ ਸਿੱਖ ਸਿਧਾਂਤਾਂ ਅਨੁਸਾਰ ਇਸਤਰੀ ਨੂੰ ਸਨਮਾਨਯਗ ਸਥਾਨ ਪ੍ਰਦਾਨ ਕਰਦੇ ਹ ਏ, ਸਮਾਜ ਵਿਚ ਉਸਨੂੰ ਵਖਰੇ–ਵਖਰੇ ਪ੍ਰਸੰਗ ਦੇ ਰੂਪ ਵਿੱਚ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ ਹੈ। ਭਾਈ ਸਾਹਿਬ ਦੀ ਅਮਰ ਗਲਪ ਰਚਨਾ 'ਸੁੰਦਰੀ' ਦੀ ਨਾਇਕਾ ਸੁੰਦਰੀ ਤੇ ਪ੍ਰਸਿੱਧ ਮਹਾਂਕਾਵਿ 'ਰਾਣਾ ਸੂਰਤ ਸਿੰਘ' ਦੀ ਨਾਇਕਾ ਰਾਜ ਕੌਰ ਸਿੱਖ ਕੌਮ ਦੀਆਂ ਦ ਪ੍ਰਤੀਨਿਧ ਇਸਤਰੀਆਂ ਦਾ ਸਰੂਪ ਪ੍ਰਸਤੁਤ ਕਰਦੀਆਂ ਹਨ। ਇਸ ਰਾਹੀਂ ਆਤਮਕ, ਅਧਿਆਤਮਕ, ਜੂਝਾਰੂ ਹਰ ਔਕੜ ਦਾ ਟਾਕਰਾ ਕਰਨ ਦੇ ਸਮਰੱਥ ਇਕ ਸਿੱਖ ਇਸਤਰੀ ਦਾ ਸਰੂਪ ਪੇਸ਼ ਕੀਤਾ ਹੈ। ਇਸ ਅੰਕ ਵਿੱਚ ਭਾਈ ਸਾਹਿਬ ਦੀਆਂ ਰਚਨਾਵਾਂ ਰਾਹੀਂ ਸਿੱਖ ਸਿਧਾਂਤ ਅਨੁਸਾਰ ਸਿੱਖ ਆਦਰਸ਼ਕ ਇਸਤਰੀ ਦਾ ਸਰੂਪ ਪੇਸ਼ ਕਰਦੇ ਹ ਏਉਸ ਦਾ ਦੀਰਘ ਅਧਿਐਨ ਕੀਤਾ ਹੈ। ਨਿਰਸੰਦੇਹ ਵਿਦਵਾਨਾਂ ਦਾ ਇਹ ਯਤਨ ਸਲਾਹੁਣਯ ਗਹੈ।

ਮੈਨੂੰ ਪਾਠਕਾਂ ਨੂੰ ਤੀਸਰਾ ਅੰਕ ਭੇਂਟ ਕਰਦੇ ਹ ਏ,ਇਹ ਅਹਿਸਾਸ ਹੈ, ਕਿ ਨਿਰਗੁਣੀਆਰਾ ਪੱਤਰ ਰਾਹੀਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੁਆਰਾ ਸਿੱਖ ਸਿਧਾਂਤਾਂ ਦੇ ਪ੍ਰਚਾਰ ਤੇ ਪਸਾਰ ਲਈ ਆਰੰਭੀ ਮੁਹਿੰਮ ਨੂੰ ਮੁੜ ਸੁਰਜੀਤ ਕਰਨ ਦੇ ਅਵਸਰ ਪ੍ਰਦਾਨ ਕੀਤੇ ਜਾ ਸਕਣਗੇ।

*ਸ. ਪ. ਸਿੰਘ*

# ਵੱਡੇ ਦੀਆਂ ਵੱਡਿਆਈਆਂ

(ਭਾਈ ਸਾਹਿਬ ਦੇ ਅਕਾਲ ਚਲਾਣੇ ਸਮੇਂ ਵਿਸ਼ਵ ਦੇ ਨਾਮਵਰ ਸਾਹਿਤਕਾਰਾਂ ਨੇ ਵੀ ਆਪਣੀ ਸੰਵੇਦਨਾ ਕਾਵਿ ਰੂਪ ਵਿੱਚ ਸ਼ਰਧਾਜ਼ਲੀ ਵਜੋਂ ਪ੍ਰਸਤੁਤ ਕੀਤੀ -ਸੰਪਾਦਕ)

## ਕਵਿਤਾ ਦੁਬਾਰਾ ਜੰਮ ਪਈ

*ਹਜ਼ਾਰਾ ਸਿੰਘ ਗੁਰਦਾਸਪੁਰੀ*

ਢੇਰ ਚਿਰ ਬੋਲੀ ਮੇਰੀ ਸੀ ਪਯਾਰ ਤੋਂ ਵਾਂਞੀ ਰਹੀ,
ਬੁਲ੍ਹੇ ਤੇ ਵਾਰਸ ਬਾਦ ਇਹ ਨਿੱਖਾਰ ਤੋਂ ਵਾਂਞੀ ਰਹੀ।

ਬੁਲਬੁਲਾਂ ਤਾਂ ਗਾਂਵੀਆਂ, ਪਰ ਖਿੱਚ ਪਾਈ ਨਾ ਕਿਸੇ,
ਕਿੱਸੇ ਸੁਣਾਏ ਸੈਂਕੜੇ, ਕਵਿਤਾ ਸੁਣਾਈ ਨਾ ਕਿਸੇ।

ਚਸ਼ਮਿਆਂ ਦੇ ਨਾਲ ਸੀ ਗੱਲਾਂ ਕਿਸੇ ਨਾ ਕੀਤੀਆਂ,
ਵੇਲਾਂ ਦੇ ਕੋਲੋਂ ਕਿਸੇ ਨਾ ਆ ਪੁੱਛੀਆਂ ਸਿਰ ਬੀਤੀਆਂ।

ਕੁਦਰਤੀ ਨੱਜ਼ਾਰਿਓਂ ਕਵਿਤਾ ਸਦਾ ਖਾਲੀ ਰਹੀ,
ਵੀਰ ਸਿੰਘ ਤੋਂ ਪਹਿਲਾਂ ਸੀ ਇਹ ਸੱਖਣੀ ਪਯਾਲੀ ਰਹੀ।

ਪਰਬਤਾਂ ਦੀ ਚੁੱਪ ਦਾ ਨਾਂ ਸੀ ਹੁਲਾਰਾ ਮਾਣਿਆ,
ਕਵਿਤਾ ਨੂੰ ਲੋਕਾਂ ਸਿਰਫ ਸੀ ਕਿੱਸਾਗੋਈ ਹੀ ਜਾਣਿਆ।

'ਮਾਰਤੰਡ' ਨੂੰ ਮਾਰ ਪੈਂਦੀ ਦੇਖ ਕੋਈ ਰੋਇਆ ਨ ਸੀ,
'ਅਵੰਤੀਪੁਰੇ ਦੇ ਖੰਡਰਾਂ' ਵਿੱਚ ਲੀਨ ਕੋਈ ਹੋਇਆ ਨ ਸੀ।

'ਕੁਤਬ' ਕਦੋਂ ਦੀ ਖੜੀ ਸੀ, ਮਹਿਰਮ ਨਾ ਆਇਆ ਕੋਈ ਸੀ,
ਰੌਸ਼ਨ ਆਰਾ ਕਬਰ' ਤੇ, ਮੋਤੀ ਨ ਲਿਆਇਆ ਕੋਈ ਸੀ।

ਕਵਿਤਾ ਤਾਂ ਕਰਦੇ ਸੀ ਕਈ (ਪਰ) ਨਾ ਰੱਸ ਸੀ, ਨਾ ਰਾਗ ਸੀ,
ਕੇਵਲ ਪੁਰਾਣੇ ਤੇਲ ਤੇ ਇਹ ਜਗ ਰਿਹਾ ਚੱਰਾਗ਼ ਸੀ ।

ਵੀਰ ਸਿੰਘ ਜਾਂ ਜੰਮਿਆਂ, ਕਵਿਤਾ ਦੁਬਾਰਾ ਜੰਮ ਪਈ,
ਵੀਰ ਸਿੰਘ ਦੀ ਕਲਮ ਸਾਹਿਤ ਦਾ ਸਹਾਰਾ ਜੰਮ ਪਈ ।
ਆਤਮਾ ਮੁੜ ਨੱਚ ਪਈ ਸ਼ਬਦਾਂ ਦੇ ਘੁੰਗਰੂ ਬੰਨ੍ਹ ਕੇ,
ਅਖਰਾਂ 'ਚ ਮਸਤੀ ਆ ਗਈ ਕਹਿਣਾ ਕਵੀ ਦਾ ਮੰਨ ਕੇ ।

ਪੀੜਾਂ ਪੁਰਾਤਨ, ਜਾਗੀਆਂ, ਖਿੱਚਾਂ ਧੁਰਾਂ ਦੀਆਂ ਉੱਠੀਆਂ,
'ਗੁਲਦਾਊਦੀਆਂ' ਨੂੰ ਦੇਖ ਕੇ, ਰੂਹਾਂ ਗਈਆਂ ਕਈ ਮੁੱਠੀਆਂ ।

ਪੰਜਾਬ ਤਾਈਂ ਮਾਣ ਹੈ ਇਸ ਆਪਣੇ ਟੈਗੋਰ ਤੇ,
ਕਵਿਤਾ ਪੰਜਾਬੀ ਬੋਲਦੀ ਹੈ ਵੀਰ ਸਿੰਘ ਦੇ ਜ਼ੋਰ ਤੇ ।

## ਪੰਜਾਬ ਦਾ ਮਾਣ

*ਵਿਧਾਤਾ ਸਿੰਘ ਤੀਰ*

ਵੇ ਘਾਲ ਜਿਸ ਦੀ ਵੇਖ ਕੇ, ਅੱਜ ਵਾਰਨੇ ਘੋਲੀ ਹਾਂ ਮੈਂ,
ਨੈਣਾਂ ਨੂੰ ਉਹ ਨਹੀਂ ਦਿੱਸਦਾ, ਦਿਲ ਤੋਂ ਤਦੇ ਡੋਲੀ ਹਾਂ ਮੈਂ।
ਮੇਰਾ ਤਪੱਸਵੀ ਲਾਲ ਉਹ ਕਰਕੇ ਤਪੱਸਿਆ ਟੁਰ ਗਿਆ,
ਪੰਜਾਬ ਦਾ ਜੋ ਮਾਣ ਸੀ ਵੇ ਓਸ ਦੀ ਬੋਲੀ ਹਾਂ ਮੈਂ।

ਡਿੱਗੀ ਨੂੰ ਉਸ ਨੇ ਚੁੱਕਿਆ, ਢੱਠੀ ਉਠਾ ਕੇ ਟੁਰ ਗਿਆ,
ਮਟਕਾਂ ਹੁਲਾਰੇ ਦੇ ਗਿਆ, ਮੋਈ ਜਿਵਾ ਕੇ ਟੁਰ ਗਿਆ।
ਲੈ ਬਿਜਲੀਆਂ ਤੋਂ ਮੈਨੂੰ ਹਾਰ ਪਾਏ ਓਸ ਨੇ,
ਉਹ ਆਪ ਹਸਦਾ ਟੁਰ ਗਿਆ, ਮੈਨੂੰ ਰੁਵਾ ਕੇ ਟੁਰ ਗਿਆ।

'ਤੇਰਾ ਸਪੁੱਤਰ ਟੁਰ ਗਿਆ' ਕੰਨਾਂ 'ਚ ਹੋਣੀ ਕਹਿ ਗਈ,
ਹੋ ਪੰਜ ਪਾਣੀ ਧਰਤਿ ਤੇ ਅੰਮੀਂ ਦੀ ਮਮਤਾ ਵਹਿ ਗਈ।
ਲੋਕੋ ਵੇ ਮਾਂ ਲੁੱਟੀ ਗਈ, ਹੋਣੀ ਨੇ ਡਾਕਾ ਮਾਰਿਆ,
ਉਹ ਆਪ ਅਰਸ਼ੀ ਚੜ੍ਹ ਗਿਆ, ਤੱਤੀ ਮੈਂ ਤਕਦੀ ਰਹਿ ਗਈ।

ਵੇਖਾਂ ਚੁਫੇਰੇ ਨਾ ਦਿਸੇ, ਨੈਣਾਂ ਦਾ ਤਾਰਾ ਟੁਰ ਗਿਆ,
ਰਬ ਦਾ ਪਿਆਰਾ ਟੁਰ ਗਿਆ, ਸਭ ਦਾ ਪਿਆਰਾ ਟੁਰ ਗਿਆ।
ਡੁਬਦੀ ਨੂੰ ਜਿਸ ਨੇ ਕੱਢਿਆ ਘੁੰਮਣ ਅਤੇ ਮੰਝਧਾਰ 'ਚੋਂ
ਕੰਢੇ ਤੇ ਮੈਨੂੰ ਛੱਡ ਕੇ ਮੇਰਾ ਕਿਨਾਰਾ ਟੁਰ ਗਿਆ।

ਸੌਭਾਗ ਆਪਣਾ ਜਾਣਦੀ ਜਗ ਤੋਂ ਜੇ ਜਾਂਦਾ ਨਾ ਅਜੇ,
ਉਹ ਰੂਪ-ਖੇੜਾ ਆਪਣਾ ਜੇਕਰ ਲੁਕਾਂਦਾ ਨਾ ਅਜੇ।
ਮੈਂ ਤਖ਼ਤ ਤੇ ਬਹਿ ਵੇਖਦੀ, ਤਖਤੇ ਤੇ ਨਾ ਉਹ ਲੇਟਦਾ,
ਦੋਹਾਂ ਦੀ ਸੱਧਰ ਪੁਗਦੀ ਰੱਬ ਜੋ ਬੁਲਾਂਦਾ ਨਾ ਅਜੇ।

ਪਰ ਟਾਲਿਆਂ ਟਲਦੀ ਨਹੀਂ, ਹੋਣੀ ਬੁਲਾ ਕੇ ਲੈ ਗਈ,
ਅਰਸ਼ਾਂ ਦੀ ਸੱਧਰ ਓਸ ਨੂੰ ਅਰਸ਼ੀਂ ਉਡਾਕੇ ਲੈ ਗਈ।
ਜਿਸ ਜੋਤਿ ਦਾ ਮੁਸ਼ਤਾਕ ਸੀ ਉਹ ਜੋਤਿ ਰੀਝੀ ਓਸ ਤੇ,
ਆਈ ਤੇ ਆ ਕੇ ਮਲਕੜੇ ਉਸ ਨੂੰ ਜਗਾ ਕੇ ਲੈ ਗਈ।

ਹਾਂ ਸੋਚਦੀ ਕਿ ਅੰਬੜੀ ਦਾ ਤਖਤ ਉਸ ਧੋਣਾ ਨਹੀਂ,
ਸ਼ਗਨਾਂ ਦੇ ਵੇਲੇ ਓਸ ਨੇ ਖ਼ੁਦ ਤੇਲ ਹੁਣ ਚੋਣਾ ਨਹੀਂ।
ਅਫਸੋਸ ! ਉਸ ਦੇ ਵੀਰ ਜਾਂ ਅੰਮੀ ਨੂੰ ਤਖਤ ਬਿਠਾਣਗੇ,
ਵੇ ਤੀਰ ! ਤੇਰੇ 'ਵੀਰ' ਨੇ ਵੀਰਾਂ ਦੇ ਵਿਚ ਹੋਣਾ ਨਹੀਂ।

# ਕਵੀਵਰ ਭਾਈ ਸਾਹਿਬ

***ਪ੍ਰਭਜੋਤ ਕੌਰ ਨਵੀਂ ਦਿੱਲੀ***

ਤੇਰਾ ਵਿਰਸਾ,ਕਵੀਵਰ,
ਭਾਵਪੂਰਤ ਤੇ ਸੰਪੂਰਣ ਗੀਤ ਹਨ
ਤੇਰੀ ਹੋਣੀ ਦਾ
ਸੁਗਮ ਸੰਗੀਤ ਹਨ।

ਸਮੇਂ ਦਾ ਪਰਵਾਹ ਕਿਤੇ ਰੁਕਦਾ ਜਦੋਂ
ਗਗਨ ਦਾ ਸਾਰਾ ਅਖਾੜਾ
ਧਰਤ ਤੇ ਝੁਕਦਾ ਜਦੋਂ
ਮਿਠੀ ਮਿਠੀ,ਤਦ, ਤੇਰੇ
ਗੀਤਾਂ ਦੀ ਧੁੰਨ
ਛੇੜਦੀ ਝਰਨਾਹਟ
ਮਨ ਵਿਚ ਗੂੰਜਦੀ
ਉਦਾਸੀਆਂ ਦੀ ਮੈਲ
ਸਾਰੀ ਹੂੰਝਦੀ।

ਗੀਤ ਸੰਜੀਦਾ
ਅਤੇ ਗੰਭੀਰ ਵੀ
ਗੀਤ ਮਿਠੇ ਵਸਲ ਦੇ
ਪੁਰ ਪੀੜ ਵੀ।

ਗੀਤ ਹਨ ਆਵਾਜ਼
ਤੇ ਚਿੰਨ੍ਹ ਮੂਰਤਾਂ
ਇਹਨਾਂ ਸ਼ਬਦਾਂ ਨੇ ਛੁਪਾਇਆ
ਹਰ ਅਨੇਕ ਸੂਰਤਾਂ
ਗਿਆਨ ਤੇ ਵਿਗਿਆਨ
ਸੋਝੀ ਦੇ ਦਵਾਰ
ਕਲਾ ਦੀ ਸਿਰਜਣ
ਤੇ ਚਿੰਤਨ ਦਾ ਖ਼ੁਮਾਰ।
ਜੂਹਾਂ ਦੀ ਬਹਾਰ ਨੂੰ
ਤੂੰ ਸ਼ਬਦ ਵਿਚ ਵਟਾ ਲਿਆ
ਖੇਤ ਦੀ ਸਿਆੜ ਨੂੰ
ਤੂੰ ਕਲਮ ਵਿਚੋਂ ਢਾਲਿਆ
ਆ ਮੁਹਾਰੀ ਰੌਂ ਨੂੰ ਦਿਤੇ ਬੋਲ ਤੂ
ਲਭ ਲਏ ਕਈ ਸੱਚ
ਇੰਜ ਅਣਭੋਲ ਤੂ
ਸੁਪਨਿਆਂ ਵਿਚ ਰੰਗ
ਤੀਖਣ ਭਰ ਲਿਆ
ਸੁਹਜ ਨੂੰ ਸੰਖੇਪ,

ਕਿ ਵੱਸ ਕਰ ਲਿਆ,
ਬਿਜਲੀਆਂ ਦੇ ਹਾਰ
ਹੁਲਾਰੇ ਮਟਕਦੇ
ਲਹਿਰਾਂ ਵਿਚੋਂ ਵੀ ਕਈ ਹਨ
ਰਾਜ਼ ਗੁੱਝੇ ਭਟਕਦੇ
ਕਲਗ਼ੀਧਰ, ਨਾਨਕ
ਦੇ ਚਮਤਕਾਰ ਸਭ
ਸੁੰਦਰੀ, ਬਿਜੈ ਸਿੰਘ ਦਾ
ਤੱਤ ਸਾਰ ਸਭ
ਭੇਦ ਭਰੀਆਂ ਗੁੱਝੀਆਂ
ਦੋ ਧਾਰ ਰਮਜ਼ਾ ਭਰ ਰਹੇ
ਸਾਡੀ ਹਸਤੀ ਦਾ ਹੁੰਗਾਰਾ ਕਰ ਰਹੇ।
ਤੇਰੀ ਸਿਰਜਣ, ਕਿਰਤ ਨੂੰ
ਤੇਰੇ ਸਮਕਾਲੀ ਵੀ ਅੱਜ
ਭਵਿਸ਼ ਦੇ ਵਾਲੀ ਵੀ ਅੱਜ
ਹੈਰਾਨ ਹੋ ਹੋ ਪੜ੍ਹ ਰਹੇ।
ਤੇਰੇ ਵਿਰਸੇ ਨੂੰ ਅਸੀਂ ਹਾਂ ਮਾਣਦੇ
ਦਾਤ ਗੀਤਾਂ ਦੀ ਗ਼ਨੀਮਤ ਜਾਣਦੇ।

❑❑❑

# ਤੇਰੀ ਕਵਿਤਾ ਨੂੰ ਪਰਨਾਮ

***ਲੈਫਟੀਨੈਂਟ-ਕਰਨਲ ਜਗਜੀਤ ਸਿੰਘ ਗੁਲੇਰੀਆ***

ਤੇਰੀ ਕਵਿਤਾ ਨੂੰ ਪਰਨਾਮ, ਤੇਰੀਆਂ ਲਿਖਤਾਂ ਨੂੰ ਪਰਨਾਮ,
ਤੇਰੀ ਹਸਤੀ ਨੂੰ ਪਰਨਾਮ, ਤੇਰੀਆਂ ਯਾਦਾਂ ਨੂੰ ਪਰਨਾਮ,

ਯੁਗਾਂ ਯੁਗਾਂ ਤੋਂ ਧ੍ਰੂ ਦਾ ਤਾਰਾ ਜਗ ਨੂੰ ਰਾਹ ਦਿਖਾਏ,
ਸੂਰਜ ਕਿਰਨ ਕਰੇ ਉਜਿਆਰਾ ਚਾਨਣ ਨੂੰ ਛਿੜਕਾਏ,
ਤੇਰੀ ਸਾਹਿਤ ਰਚਨਾ ਪਯਾਰੇ ਹਰੇ ਵੇਦਨਾ ਦਿਲ ਦੀ,
ਜਗਯਾਸੂ ਨੂੰ ਆਣ ਹੁਲਾਰੇ ਪੜ੍ਹੇ ਸੁਣੇ ਜਾਂ ਗਾਏ।

ਦੇਸ਼ ਤੇਰੇ ਦੇ ਸਾਰੇ ਲੇਖਕ ਤੈਥੋਂ ਚਾਨਣ ਲੈਂਦੇ,
ਤੇਰੇ ਚੰਦਨ ਬ੍ਰਿਛ ਦੀ ਛਾਵੇਂ ਗੰਧ ਸੁਗੰਧੀ ਬਹਿੰਦੇ,
ਦੇਣਦਾਰ ਸਾਰੇ ਨੇ ਤੇਰੇ ਤੂੰ ਉਹਨਾਂ ਦਾ ਗਾਡੀ,
ਵਲਵਲਿਆਂ ਦੇ ਦੇਸ਼ ਪੁਚਾ ਦੇ ! ਸਾਰੇ ਇਹੋ ਕਹਿੰਦੇ।

ਕਵਿਤਾ ਦਾ ਤੂੰ ਉਚ ਮੁਨਾਰਾ, ਨਸਰਾਂ ਦਾ ਤੂੰ ਬਾਨੀ,
ਨਾਵਲ, ਟੀਕੇ, ਮਹਾਂਕਾਵ ਤੇ ਜੀਵਨੀਆਂ ਲਾਸਾਨੀ,
ਤੇਰੀ ਪ੍ਰਤਿਭਾ ਸਭ ਤੋਂ ਨਿਆਰੀ, ਤੇਰੀ ਨਿਰਮਲ ਆਭਾ,
ਸਾਹਿਤ ਮਾਤਾ ਅਜ ਪਈ ਗਾਵੇ ਤੇਰੀ ਅਮਰ ਕਹਾਨੀ।

ਭਾਰਤ ਦਾ ਤੂੰ ਵੀਰ ਪਿਆਰਾ ਮਾਨਵਤਾ ਦਾ ਭਾਈ,
ਸੰਤ, ਕਵੀ ਤੇ ਸਿੰਘ ਦੇਸ਼ ਦਾ ਤੇਰੀ ਧੰਨ ਕਮਾਈ,
ਸਰਬ ਸਾਂਝ ਦੇ ਰਸ਼ੀ ਪਿਆਰੇ, ਯਾਦ ਤੇਰੀ ਅਜ ਆਈ,
ਅਖੀਆਂ ਨੇ ਝੜੀ ਲਗਾਈ ਅਸਾਂ ਮੁੜ ਮੁੜ ਧੌਣ ਨਿਵਾਈ।

ਤੇਰੀ ਰਚਨਾ ਨੂੰ ਪਰਨਾਮ, ਤੇਰੀਆਂ ਕਿਰਤਾਂ ਨੂੰ ਪਰਨਾਮ,
ਤੇਰੀ ਹਸਤੀ ਨੂੰ ਪਰਨਾਮ, ਤੇਰੀਆਂ ਯਾਦਾਂ ਨੂੰ ਪਰਨਾਮ।

# ਨਾਰਿ ਭਤਾਰ ਪਿਆਰ ਹੈ

*ਭਾਈ ਸਾਹਿਬ ਡਾ.ਵੀਰ ਸਿੰਘ*

ਜੇਕਰ ਪਤੀ ਪਤਨੀ ਦਾ ਆਪੋ ਵਿਚ ਪੂਰਾ ਪਿਆਰ ਤੇ ਹਿਤ ਹੋਵੇ ਤਾਂ ਦੁਨੀਆਂ ਭਰ ਵਿਚ ਇਸ ਤੋਂ ਵਧ ਕੇ ਕੋਈ ਸਾਕ ਨਹੀਂ। ਵਿਆਹ ਤੋਂ ਪਹਿਲੇ ਮਾਤਾ ਪਿਤਾ ਦੀ ਕੁਦਰਤੀ ਮੁਹੱਬਤ, ਭੈਣਾਂ ਭਰਾਵਾਂ ਦਾ ਅਮਰੀ ਹਿਤ ਆਦਮੀ ਦੇ ਜੀਵਨ ਦਾ ਸਹਾਰਾ ਹੁੰਦਾ ਹੈ। ਜੋ ਸਚ ਮੁਚ ਆਦਮੀ ਹੈ ਉਹ ਆਪਣੇ ਮਾਤਾ ਪਿਤਾ ਦਾ ਹੱਕ ਕਦੇ ਨਹੀਂ ਭੁਲਾਉਂਦਾ, ਉਨ੍ਹਾਂ ਦੀ ਮਾਨ ਵਡਾਈ ਕਰਦਾ ਹੈ ਤੇ ਹਰ ਤਰ੍ਹਾਂ ਦੀ ਸੇਵਾ ਲਈ ਤਤਪਰ ਰਹਿੰਦਾ ਹੈ। ਇਸੇ ਤਰ੍ਹਾਂ ਭੈਣਾਂ ਭਰਾਵਾਂ ਦਾ ਮੋਹ ਇਕ ਐਸੀ ਚੀਜ਼ ਹੈ ਜੋ ਆਦਮੀ ਦੇ ਦਮ ਦੇ ਨਾਲ ਨਿਭਦਾ ਹੈ। ਜਦ ਤਕ ਇਹੋ ਲਹੂ ਦੁਹਾਂ ਦੀਆਂ ਨਾੜਾਂ ਵਿਚ ਗੇੜੇ ਮਾਰਦਾ ਹੈ, ਉਹ ਕਿੱਕੁਰ ਅੱਡ ਹੋ ਸਕਦੇ ਹਨ। ਪਰ ਵਹੁਟੀ ਗੱਭਰੂ ਵਿਚ ਜੋ ਸਾਕ ਧਰਮ ਅਰ ਚਾਲ ਮੂਜਬ ਬੰਨ੍ਹਿਆ ਗਿਆ ਹੈ, ਉਹ ਇਨ੍ਹਾਂ ਕੁਦਰਤੀ ਸਾਕਾਂ ਤੋਂ ਵੱਖਰਾ ਹੀ ਹੈ ਤੇ ਜ਼ੋਰਦਾਰ ਹੈ। ਵਿਆਹ ਤੋਂ ਪਹਿਲੇ ਦੋਵੇਂ ਓਪਰੇ ਹਨ। ਏਸ਼ੀਆ ਦੇ ਕਈ ਦੇਸ਼ਾਂ ਵਿਚ ਤਾਂ ਅਕਸਰ ਇਕ ਦੂਜੇ ਦੀ ਸੂਰਤ ਦੀ ਪਛਾਣ ਬੀ ਨਹੀਂ ਹੁੰਦੀ, ਆਪੋ ਵਿਚ ਕੋਈ ਹਮਦਰਦੀ ਨਹੀਂ, ਇਕ ਕਿਸੇ ਹਾਲ ਵਿਚ ਪਲ ਰਿਹਾ ਹੈ, ਦੂਸਰਾ ਕਿਸੇ ਹਾਲਤ ਵਿਚ, ਪਰ ਇਸ ਸਾਕ ਦਾ ਹੋਣਾ ਸੀ ਕਿ ਦੋਵੇਂ ਸਰੀਰ ਇਕ ਜਾਨ ਹੋ ਗਏ। ਦੋਹਾਂ ਦੇ ਕੰਮ ਸਾਂਝੇ, ਦੋਹਾਂ ਦੇ ਆਸ਼ੇ ਇਕ, ਦੁਹਾਂ ਦੇ ਧਨ ਮਾਲ ਇਕੋ। ਦੁਹਾਂ ਦੀ ਔਲਾਦ ਇਕ, ਘਰ ਇਕ, ਇਥੋਂ ਤਾਂਈ ਕਿ ਇਕ ਦੇ ਸਿਰ ਪੀੜ ਹੋਵੇ ਤਦ ਦੂਸਰਾ ਸਿਰ ਚਿੰਤਾ ਨਾਲ ਫਾਹਵਾ ਹੋ ਜਾਏ, ਇਕ ਨੂੰ ਖੁਸ਼ੀ ਹੋਵੇ ਤਾਂ ਦੂਜਾ ਸਾਂਝੀਵਾਲ, ਜੇ ਇਕ ਨੂੰ ਰੰਜ ਪਹੁੰਚੇ ਤਾਂ ਦੂਜਾ ਹਿੱਸੇਦਾਰ। ਇਸ ਤੋਂ ਵਧੀਕ ਲੋੜੀਂਦਾ ਪੱਕਾ ਤੇ ਪਵਿੱਤ੍ਰ ਸਾਕ ਹੋਰ ਕੀ ਹੋ ਸਕਦਾ ਹੈ। ਇਸ ਕਰਕੇ ਇਸ ਨੂੰ ਸੰਜੋਗ ਕਹਿੰਦੇ ਹਨ, ਜਿਸ ਦਾ ਅਰਥ ਹੈ ਚੰਗੀ ਤਰ੍ਹਾਂ ਜੋੜ ਦੇਣਾ, ਅਰਥਾਤ ਭਰਤਾ ਤੇ ਨਾਰ ਉਮਰ ਪ੍ਰਯੰਤ ਜਕੜੇ ਗਏ। ਵਿਆਹ ਦੀ ਗੰਢ ਐਸੀ ਪੱਕੀ ਹੁੰਦੀ ਹੈ ਕਿ ਮਰ ਕੇ ਹੀ ਖੁੱਲੇ (ਤੇ ਸ਼ਾਇਦ ਨਾ ਬੀ ਖੁਲ੍ਹੇ) । ਹੁਣ ਜੇ ਭਾਗਾਂ ਨਾਲ ਲਾੜਾ ਲਾੜੀ ਇਕ ਖਿਆਲ ਦੇ ਹਨ, ਇਕ ਦੂਜੇ ਦੀ ਦਿਲੋਂ ਕਦਰ ਕਰਦੇ ਹਨ ਅਰ ਇਕ ਦੂਜੇ ਨਾਲ ਉਮਰ ਭਰ ਸਾਥ ਨਿਬਾਹੁਣ ਵਿਚ ਤਿਆਰ ਬਰ ਤਿਆਰ ਹਨ, ਤਾਂ ਇਹ ਉਨ੍ਹਾਂ ਲਈ ਖੁਸ਼ੀ ਦਾ ਸੋਮਾ ਹੈ। ਉਹ ਮਰ ਕੇ ਬੀ ਇਸ ਤੋਂ ਛੁੱਟਣਾ ਨਹੀਂ ਚਾਹੁੰਦੇ। ਪਿਆਰ ਦਾ ਜ਼ੰਜੀਰ ਐਸਾ ਨਹੀਂ ਹੁੰਦਾ ਕਿ ਜਿਸ ਦਾ ਕੈਦੀ ਉਸ ਤੋਂ ਕਦੀ ਅੱਕ ਜਾਏ:-

**ਬੱਧੇ ਤੇਰੀ ਵਿਚ ਕਮੰਦੇ ਅਸਲ ਛੁੱਟੇ ਹਨ ਪਿਆਰੇ।**

ਪਰ ਜੇ ਖੋਟੇ ਭਾਗਾਂ ਨੂੰ ਦੋ ਉਲਟ ਤਬੀਅਤਾਂ ਆਪੋ ਵਿਚ ਜਕੜੀਆਂ ਗਈਆਂ ਤਦ ਦੋਹਾਂ ਦਾ ਜੀਉਣਾ ਕੁਝ ਜੀਉਣ ਨਹੀਂ ਰਹਿ ਜਾਂਦਾ। ਉਨ੍ਹਾਂ ਦਾ ਘਰ, ਘਰ ਨਹੀਂ ਹੁੰਦਾ, ਉਹ ਜੀਉਂਦਿਆਂ ਦੀ ਕਬਰ ਹੋ ਜਾਂਦਾ ਹੈ, ਤੇ ਕਬਰ ਬੀ ਐਸੀ ਕਿ ਜਿਸ ਵਿਚ ਹਰ ਵੇਲੇ ਕਸ਼ਟਾਂ ਦਾ ਸਹਾਰਨਾ.........।

ਹੁਣ ਕੁਝ ਚੰਗੇ ਭਾਗਾਂ ਵਾਲਿਆਂ ਦਾ ਹਾਲ ਸੁਣੋ। ਇੰਗਲਿਸਤਾਨ ਦੇ ਉਨੀਵੀਂ ਸਦੀ ਦੇ ਕਵੀ ਰਾਜ 'ਵਰਡਸ-ਵਰਥ' ਦਾ ਬੜਾ ਨਾਮ ਹੈ। ਉਸ ਦੀ ਵਹੁਟੀ ਘਰ ਵਾਲੇ ਦੀ ਕਦਰ ਕਰਦੀ ਸੀ ਤੇ ਪਤੀ ਘਰ ਵਾਲੀ ਦੀ ਕਦਰ ਕਰਦਾ ਸੀ। ਇਕ ਵੇਰੀ ਇਕ ਅਖਬਾਰ ਵਿਚ ਵਰਡਸ-ਵਰਥ ਦੇ ਉਲਟ ਨੁਕਤਾਚੀਨੀ ਛਪੀ। ਇਕ ਮਿੱਤ੍ਰ ਨੇ ਆ ਕੇ ਦੱਸਿਆ। ਕਵੀ ਰਾਜ ਨੇ ਕਿਹਾ 'ਇਸ ਗੱਲ ਨੂੰ ਜਾਣ ਦਿਓ, ਮੈਂ ਸੁਣਨਾ ਨਹੀਂ ਚਾਹੁੰਦਾ'। ਮਿੱਤ੍ਰ ਨੇ ਕਿਹਾ, 'ਹਛਾ ਇਕ ਗੱਲ ਤਾਂ ਸੁਣ ਲਓ'। ਕਵੀ ਰਾਜ ਨੇ ਕਿਹਾ, 'ਉਹ ਕੀ ਹੈ?' ਮਿੱਤ੍ਰ ਨੇ ਕਿਹਾ: ਉਹ ਗੱਲ ਇਹ ਛਪੀ ਹੈ ਕਿ 'ਤੇਰੀ ਵਹੁਟੀ ਬਹੁਤ ਨੇਕ ਹੈ, ਪਰ ਤੂੰ ਇਸ ਦਾਤ ਦਾ ਹੱਕਦਾਰ ਨਹੀਂ। 'ਕਵੀ ਰਾਜ ਨੇ ਕਿਹਾ: ਬਸ ਇਕ ਇਹੋ ਗੱਲ ਸੱਚੀ ਹੈ ਜੋ ਉਸ ਨੇ ਆਪਣੀ ਨੁਕਤਾਚੀਨੀ ਵਿਚ ਲਿਖੀ ਹੈ।' ਇਹ ਤ੍ਰੀਮਤ ਸ਼ਕਲ ਵੰਨੋਂ ਕੁਝ ਸੋਹਣੀ ਨਹੀਂ ਸੀ, ਪਰ ਫੇਰ ਬੀ ਉਸ ਦਾ ਪਤੀ ਉਸ ਨਾਲ ਐਡਾ ਰਾਜ਼ੀ ਸੀ ਕਿ ਇਸ ਦਾ ਆਪ ਉਸ ਨੇ ਕਾਰਣ ਦੱਸਿਆ ਹੈ ਕਿ ਉਹ ਦੇਉਤਾ ਸੁਭਾਅ ਅਤੇ ਹਸਮੁਖੀ ਸੀ। ਇਸ ਸੁਹੱਪਣ ਦੀ ਖਿੱਚ ਉਸ ਦੀ ਚਿਹਰੇ ਦੀ ਸੁਹੱਪਣ ਨਾਲੋਂ ਕੋਈ ਘੱਟ ਨਹੀਂ ਸੀ। ਵਰਡਸ-ਵਰਥ ਦੀ ਕਵਿਤਾ ਮੁਲਕ ਵਿਚ ਬਹੁਤ ਚਿਰ ਪਿਛੋਂ ਪ੍ਰਸਿੱਧ ਹੋਈ। ਉਹ ਵਿਚਾਰਾ ਡਾਢੀਆਂ ਔਕੜਾਂ ਨਾਲ ਕਵਿਤਾ ਬਣਾਉਂਦਾ ਸੀ ਅਤੇ ਛਪਾਉਂਦਾ ਸੀ, ਪਰ ਜ਼ਮਾਨੇ ਵਿਚ ਕੇਵਲ ਉਸ ਦੀ ਸੁਪਤਨੀ ਹੀ ਸੀ, ਜੋ ਉਸ ਦੀ ਕਵਿਤਾ ਦੀ ਕਦਰ ਕਰਦੀ ਹੁੰਦੀ ਸੀ। ਜਿਸ ਦੇ ਭਰੋਸੇ ਤੇ ਉਹ ਲਿਖਦਾ ਜਾਂਦਾ ਸੀ। ਕੁਛ ਚਿਰ ਮਗਰੋਂ ਜ਼ਮਾਨਾ ਉਸ ਦੀ ਕਦਰ ਕਰਨ ਲਗ ਪਿਆ। ਜਦ ਉਸ ਦੀ ਕੋਈ ਕਵਿਤਾ ਛਪਦੀ ਤਾਂ 'ਜਾਫਰੀ', ਜਿਹੜਾ ਉਸ ਜ਼ਮਾਨੇ ਵਿਚ ਬੜਾ ਪ੍ਰਸਿੱਧ ਕਵੀ ਮੰਨਿਆ ਜਾਂਦਾ ਸੀ, ਲਿਖਦਾ ਹੈ: "ਇਸ ਆਦਮੀ ਦਾ ਲੇਖ ਭੈੜੇ ਨਾਲੋਂ ਭੈੜਾ ਹੁੰਦਾ ਜਾਂਦਾ ਹੈ।" ਪਰ ਉਸ ਦੀ ਸੁਪਤਨੀ ਹਰ ਵੇਲੇ ਉਸ ਨੂੰ ਢਾਰਸ ਦਿੰਦੀ ਰਹਿੰਦੀ: 'ਤੇਰੀ ਲਿਖਤ ਦਿਨੋ ਦਿਨ ਉੱਨਤੀ ਪਰ ਹੈ।' ਮਰਨ ਦੇ ਸਮੇਂ ਤਕ ਦੋਵੇਂ ਭਰਤਾ ਇਸਤ੍ਰੀ ਇਕ ਦੂਜੇ ਲਈ ਜਾਨ ਦੇਣ ਲਈ ਤਿਆਰ ਰਹੇ। ਇਕ ਵਾਰੀ ਇਕ ਪ੍ਰਦੇਸੀ ਵਰਡਸ-ਵਰਥ ਦੇ ਬੁਢੇਪੇ ਦੇ ਸਮੇਂ ਵਿਚ ਉਸ ਦੇ ਘਰ ਮਿਲਣ ਲਈ ਗਿਆ। ਉਸ ਨੂੰ ਮਿਲ ਕੇ ਆਇਆ ਤਾਂ ਲੋਕਾਂ ਨੇ ਪੁੱਛਿਆ: 'ਕਹੁ ਕੀ ਡਿੱਠਾ?' ਉਹ ਕਹਿਣ ਲੱਗਾ, ਜਦ ਮੈਂ ਉਸ ਦੇ ਘਰ ਗਿਆ, ਮੈਂ ਡਿੱਠਾ ਕਿ ਬੁੱਢੇ ਭਰਤਾ ਜੀ ਅਪਨੀ ਸੁਪਤਨੀ ਦੇ ਨਾਲ ਵਿਹੜੇ ਵਿਚ ਟਹਿਲ ਰਹੇ ਸਨ। ਆਪ ਨੂੰ ਕੁਛ ਕੁਛ ਘੱਟ ਭੀ

ਦਿਖਾਈ ਦਿੰਦਾ ਹੈ ਅਤੇ ਇਸਤ੍ਰੀ ਭੀ ਬਹੁਤੀ ਬ੍ਰਿਧ ਹੈ, ਪ੍ਰੰਤੂ ਉਨ੍ਹਾਂ ਦਾ ਪਿਆਰ ਆਪੋ ਵਿਚ ਅਜਿਹਾ ਮਲੂਮ ਹੁੰਦਾ ਹੈ ਜਿਸ ਤਰ੍ਹਾਂ ਨਵੇਂ ਵਿਆਹੇ ਲਾੜੀ ਲਾੜੇ ਦਾ ਹੁੰਦਾ ਹੈ। ਉਨ੍ਹਾਂ ਦੀ ਇਕ ਹਮਸਾਈ ਆਖਦੀ ਹੈ ਕਿ 'ਮੈਂ ਕਈ ਵਾਰੀ ਦੇਖਦੀ ਹੁੰਦੀ ਸੀ ਕਿ ਪਤਨੀ ਭਰਤਾ ਦੀ ਭਾਲ ਵਿਚ ਘਾਭਰੀ ਹੋਈ ਕੋਠੀ ਵਿਚੋਂ ਨਿਕਲਦੀ ਸੀ ਅਤੇ ਲੱਭਦੀ ਲੱਭਦੀ ਉਸ ਨੂੰ ਕਿਧਰੇ ਧੁੱਪ ਵਿਚ ਬਾਗ਼ ਵਿਚ ਲੇਟਿਆ ਹੋਇਆ ਦੇਖਦੀ ਸੀ ਤਾਂ ਨੱਸ ਕੇ ਉਸ ਦੀ ਟੋਪੀ ਲੈ ਆਉਂਦੀ ਸੀ ਕਿ ਮਤੇ ਧੁੱਪ ਨਾਲ ਉਸ ਦੇ ਸਿਰ ਪੀੜ ਨਾ ਚੜ੍ਹ ਜਾਵੇ ਅਤੇ ਫਿਰ ਉਸ ਦੇ ਸਿਰਹਾਣੇ ਬੈਠਕੇ ਉਸ ਦੀ ਰਾਖੀ ਕਰਦੀ ਰਹਿੰਦੀ ਸੀ ਜਦ ਤਕ ਕਿ ਉਹ ਸੌਂ ਕੇ ਨਹੀਂ ਉਠਦਾ ਸੀ।'

ਇਸ ਲੜੀ ਵਿਚ ਬਰਾਊਨਿੰਗ ਭਰਤਾ ਇਸਤ੍ਰੀ ਦਾ ਨਾਮ ਲਿਖਣੋਂ ਨਹੀਂ ਰਿਹਾ ਜਾ ਸਕਦਾ। ਇਨ੍ਹਾਂ ਦੋਹਾਂ ਦੀ ਆਪੋ ਵਿਚ ਦੀ ਮੁਹੱਬਤ ਕਦੀ ਬੀ ਨਹੀਂ ਭੁੱਲ ਸਕਦੀ। ਭਰਤਾ ਬੀ ਪ੍ਰਬੀਨ ਗ੍ਰੰਥਾਕਾਰ ਸੀ ਅਤੇ ਪਤਨੀ ਬੀ ਵੈਸੀ ਹੀ ਸੀ। ਜਦ ਇਨ੍ਹਾਂ ਦਾ ਵਿਆਹ ਅਜੇ ਨਹੀਂ ਸੀ ਹੋਇਆ ਤਾਂ ਇਕ ਉੱਘੇ ਦਾਨੇ ਨੇ ਕਿਹਾ ਸੀ ਕਿ ਈਸ਼ਵਰ ਹੀ ਕਿਰਪਾ ਕਰੇ ਕਿ ਇਨ੍ਹਾਂ ਦੀ ਆਪੋ ਵਿਚ ਬਣੀ ਰਹੇ, ਕਿਉਂਕਿ ਦੋਨਾਂ ਨੂੰ ਆਪਦੀ ਲਿਆਕਤ ਦਾ ਘੁਮੰਡ ਹੈ, ਪਰ ਇਨ੍ਹਾਂ ਦੀ ਅਜੇਹੀ ਬਣੀ ਕਿ ਹੋਰਨਾਂ ਦੇ ਵਾਸਤੇ ਇਕ ਨਮੂਨਾ ਬਣਕੇ ਦਿਖਲਾ ਦਿਤਾ। ਪਤਨੀ ਆਪਣੀ ਸਹੇਲੀ ਨੂੰ ਪੱਤ੍ਰਕਾ ਲਿਖਦੀ ਹੈ: 'ਬਰਾਊਨਿੰਗ ਦਾ ਭੇਤ ਕੋਈ ਬੀ ਹੱਛੀ ਪ੍ਰਕਾਰ ਨਹੀਂ ਲੈ ਸਕਦਾ ਜਿਹਾ ਕੁ ਮੈਂ ਉਸ ਦੇ ਦਿਲ ਵਿਚ ਨਿਵਾਸ ਕਰਦੀ ਹਾਂ, ਉਸ ਦੇ ਸਾਹ ਤਕ ਦੀ ਭੀ ਅਵਾਜ਼ ਸੁਣਦੀ ਹਾਂ'। ਲੋਕੀ ਵਿਆਹ ਨੂੰ ਕਦੇ ਬੇੜੀਆਂ ਦੇ ਤੁੱਲ ਦੱਸਦੇ ਹਨ, ਪਰ ਬਰਾਊਨਿੰਗ ਇਨ੍ਹਾਂ ਬੇੜੀਆਂ ਤੇ ਕੁਰਬਾਨ ਹੁੰਦਾ ਸੀ। ਇਕ ਲੇਖਕ ਜੀ ਲਿਖਦੇ ਹਨ ਕਿ ਉਹ ਸਚਮੁਚ ਇਨ੍ਹਾਂ ਬੇੜੀਆਂ ਨੂੰ ਚੁੰਮਦਾ ਸੀ। ਜਦ ਕਦੀ ਬਰਾਊਨਿੰਗ ਕਿਧਰੋਂ ਬਾਹਰੋਂ ਘਰ ਆਉਂਦਾ ਤਾਂ ਗਿਰਜੇ ਘਰ ਵਿਚ, ਜਿਥੇ ਉਸ ਦਾ ਵਿਵਾਹ ਹੋਇਆ ਸੀ, ਜਾਂਦਾ ਅਤੇ ਪੱਥਰ ਦੇ ਗੱਡੇ ਹੋਏ ਥੰਮ ਨੂੰ ਮੱਥਾ ਟੇਕਦਾ ਅਤੇ ਘੜੀ ਮੁੜੀ ਉਸ ਨੂੰ ਚੁੰਮਦਾ। ਪਤਨੀ, ਜਿਹੜੀ ਵਿਆਹ ਥੋਂ ਪਹਿਲੇ ਹਰ ਵੇਲੇ ਬੀਮਾਰ ਹੀ ਰਹਿੰਦੀ ਸੀ, ਇਸ ਦੇ ਨਾਲ ਵਿਆਹ ਹੋਣ ਨਾਲ ਉਸਦੀਆਂ ਸਭ ਬੀਮਾਰੀਆਂ ਦੂਰ ਹੋ ਗਈਆਂ ਅਤੇ ਉਹ ਹਰ ਵੇਲੇ ਹਸਦੇ ਮੂੰਹ ਅਤੇ ਖਿੜੇ ਮੱਥੇ ਹੀ ਦਿੱਸਦੀ ਸੀ ਅਤੇ ਬਿਲਕੁਲ ਰਾਜ਼ੀ ਬਾਜ਼ੀ ਹੋ ਗਈ ਸੀ।

ਅਮਰੀਕਾ ਵਿਚ ਹਾਥਾਰਨ ਇਕ ਪ੍ਰਸਿੱਧ ਆਦਮੀ ਹੋਇਆ ਹੈ। ਜਿਸ ਤਰ੍ਹਾਂ ਦੁਨੀਆਂ ਵਿਚ ਕਈ ਵੱਡਿਆਂ ਵੱਡਿਆਂ ਆਦਮੀਆਂ ਨੂੰ ਰੁਪਏ ਦੀ ਤੋਟ ਵਿਚ ਆਣ ਕੇ ਦੁਖ ਸਹਿਣੇ ਪਏ ਹਨ, ਇਸੇ ਤਰ੍ਹਾਂ ਇਸ ਨਾਲ ਬੀ ਹੋਇਆ। ਇਸ ਪਰ ਅਜੇਹਾ ਵੇਲਾ ਆ ਗਿਆ ਸੀ ਕਿ ਰੋਟੀ ਖਾਣ ਨੂੰ ਬੀ ਨਹੀਂ ਲੱਭਦੀ ਸੀ, ਪਰ ਭਾਗਵਾਨ ਸੁਭਾਗਯ ਪਤਨੀ ਨੇ ਇਹ ਦੁਖ ਬਹੁਤਾ ਮਲੂਮ ਨਾ ਹੋਣ ਦਿੱਤਾ। 1849 ਵਿਚ ਇਹ ਇਕ ਛੋਟੀ ਜਿਹੀ ਨੌਕਰੀ ਪਰ ਕੰਮ ਕਰਦੀ ਸੀ, ਉਹ ਬੀ ਜਾਂਦੀ ਰਹੀ। ਓਹ ਦਿਨ ਇਸ ਲਈ ਭਾਰੀ ਔਕੜ ਦੇ ਸਨ, ਪਰ ਇਸ ਦੀ ਪਤਨੀ ਦੀ ਹਿੰਮਤ ਵੱਲ ਦੇਖੋ, ਅਪਣੀ ਮਾਂ ਨੂੰ ਪੱਤ੍ਰਕਾ ਲਿਖਦੀ ਹੈ: ਪਿਆਰੀ ਮਾਂ, ਮੈਨੂੰ ਅਜਿਹੀ ਉਮੈਦ ਸੀ ਕਿ ਤੂੰ ਇਸ ਸਾਡੇ ਦੁੱਖ ਨੂੰ ਦਲੇਰੀ ਨਾਲ ਸੁਣੇਂਗੀ, ਜਿਹਾ ਕੁ ਤੁਹਾਡੇ ਖਤ ਤੋਂ ਮਲੂਮ ਹੁੰਦਾ ਹੈ। "ਪਿਆਰੀ ਮਾਂ, ਮੈਂ ਤੈਨੂੰ ਦੱਸਦੀ ਹਾਂ ਕਿ ਮੇਰਾ ਨੇਕ ਪਤੀ ਅਜਿਹਾ ਮਿੱਤ੍ਰ ਹੈ, ਉਸਦੇ ਹੁੰਦਿਆਂ ਮੈਨੂੰ ਕੋਈ ਬੀ ਦੁਖ ਨਹੀਂ ਸਤਾ ਸਕਦਾ। ਕੁੱਲ ਚੀਜ਼ਾਂ ਨਸ਼ਟ ਹੋ ਜਾਣ ਵਾਲੀਆਂ ਹਨ, ਅਜ ਹੋਈਆਂ ਕੱਲ ਨਾ ਹੋਈਆਂ; ਪਰ ਅਜਿਹੀ ਜ਼ਿੰਦਗੀ ਦੀ ਖੁਸ਼ੀ ਨਸ਼ਟ ਹੋਣ ਵਾਲੀ ਨਹੀਂ। ਇਸ ਖੁਸ਼ੀ ਨੇ ਮੇਰੇ ਰਸਤੇ ਵਿਚ ਅਜਿਹੇ ਫੁੱਲ ਖਿਲੇਰੇ ਹਨ ਕਿ ਕਿਸੇ ਕੰਡੇ ਦੀ ਵੀ ਚੋਭ ਦੀ ਕੁਛ ਪਰਵਾਹ ਨਹੀਂ। ਮੈਂ ਅਪਣੇ ਪਤੀ ਪਰ ਹੀ ਫਖਰ ਕਰਦੀ ਹਾਂ।" ਇਸ ਥੋਂ ਮਗਰੋਂ ਇਕ 1851 ਈ: ਦਾ ਖਤ ਲਿਖਿਆ ਹੋਇਆ ਹੈ। ਇਤਨੇ ਚਿਰ ਵਿਚ ਇਨ੍ਹਾਂ ਦੇ ਗ਼ਰੀਬੀ ਦੇ ਦਿਨ ਕੁਛ ਟਲ ਗਏ ਸਨ ਅਤੇ ਬਿਲਕੁਲ ਫਾਕੇ ਦੀ ਜਗਾ ਦਾਲ ਰੋਟੀ ਨਸੀਬ ਹੋਣ ਲਗ ਪਈ ਸੀ। ਇਨ੍ਹਾਂ ਦਿਨਾਂ ਦੀ ਬੀ ਸ਼ੁਕਰ ਗੁਜ਼ਾਰੀ ਦੇਖਣ ਦੇ ਲਾਇਕ ਹੈ: "ਪਿਆਰੀ ਅੰਮਾਂ, ਮੈਨੂੰ ਖੁਸ਼ੀ ਹੈ ਕਿ ਤੂੰ ਬੀ ਸਾਨੂੰ ਖੁਸ਼-ਹਾਲ ਵੇਖ ਕੇ ਖੁਸ਼ ਹੁੰਦੀ ਹੋਵੇਗੀ। ਜੇ ਕੋਈ ਦੁਨੀਆਂ ਵਿਚ ਭਾਗਾਂ ਵਾਲਾ ਹੋਇਆ ਹੈ ਤਾਂ ਮੈਂ ਹਾਂ। ਨਾ ਨਸ਼ਟ ਹੋਣ ਵਾਲੇ ਹਿਤ ਦੀ ਚਾਦਰ ਲਪੇਟੀ ਹੈ। ਓਹੋ ਮੁਹੱਬਤ ਮੇਰੇ ਤਨ ਮਨ ਵਿਚ ਘਰ ਕਰੀ ਬੈਠੀ ਹੈ। ਈਸ਼ਵਰ ਦੀ ਕਿਰਪਾ ਨਾਲ ਅਸੀਂ ਸਾਰੇ ਰਾਜ਼ੀ ਬਾਜ਼ੀ ਹਾਂ। ਮੇਰਾ ਪਤੀ ਮੇਰੇ ਤੇ ਬੜੀ ਕਿਰਪਾ ਕਰਨ ਵਾਲਾ ਹੈ। ਮੇਰੇ ਬਿਨਾਂ ਕੋਈ ਬੀ ਨਹੀਂ ਜਾਣ ਸਕਦਾ ਕਿ ਉਹ ਕਿੱਡਾ ਅੱਛਾ ਹੈ। ਉਸ ਦੇ ਪਾਸ ਪਹੁੰਚਣਾ ਮੇਰੇ ਲਈ ਅਜਿਹਾ ਹੈ ਕਿ ਜਿਹਾ ਚਮਕਦਿਆਂ ਸਿਤਾਰਿਆਂ ਤਕ ਅਪੜਨਾ। ਉਸ ਦਾ ਸੁੰਦਰ ਮੁਖੜਾ ਮੇਰੇ ਲਈ ਚਮਕਦੇ ਸੂਰਜ ਵਤ ਹੈ। ਈਸ਼ਵਰ ਦੀ ਵੱਡੀ ਕਿਰਪਾ ਇਹ ਬੀ ਹੈ ਕਿ ਉਸਨੇ ਸਾਨੂੰ ਅਜਿਹੇ ਪਿਆਰੇ ਪੁਤ੍ਰ ਬਖਸ਼ੇ ਹਨ। ਹੁਣ ਤਾਂ ਕੁਝ ਰੋਜ਼ੀ ਦਾ ਦਰਵਾਜ਼ਾ ਬੀ ਖੁੱਲ੍ਹਾ ਨਜ਼ਰ ਆਉਂਦਾ ਹੈ। ਅਸੀ ਰੋਟੀ ਰੱਜਕੇ ਖਾ ਸਕਦੇ ਹਾਂ।"

ਕਿੰਗਸਲੇ ਪ੍ਰਸਿਧ ਕਵੀ ਦੀ ਕਹਾਣੀ ਬੀ ਕੋਈ ਘੱਟ ਸਵਾਦਲੀ ਨਹੀਂ ਜਦ ਉਸ ਨੂੰ ਉਹ ਇਸਤ੍ਰੀ ਦਿਖਾਈ ਦਿੱਤੀ, ਜਿਸ ਨਾਲ ਅੰਤ ਉਸ ਦਾ ਵਿਵਾਹ ਹੋਇਆ, ਤਦ ਉਸ ਦੀ ਉਮਰ 20 ਬਰਸਾਂ ਦੀ ਸੀ। ਉਹਨਾਂ ਦਿਨਾਂ ਵਿਚ ਉਹ ਕੌਮੀ ਖਿਆਲਾਂ ਦੇ ਵਹਿਮਾਂ ਵਿਚ ਡੁਬਿਆ ਹੋਇਆ ਸੀ ਅਤੇ ਹਰ ਵੇਲੇ ਉਸ ਦੇ ਚਿਹਰੇ ਤੋਂ ਉਦਾਸੀ ਜਿਹੀ ਪ੍ਰਤੀਤ ਹੁੰਦੀ ਸੀ, ਜੋ ਉਸ ਦੇ ਅੰਦਰ ਦਾ ਹਾਲ ਪ੍ਰਗਟ ਕਰਦੀ ਸੀ। ਉਸ ਨੇ ਅਪਣੀ ਨੇਕ ਪਤਨੀ ਨੂੰ ਅਪਣੇ ਵਹਿਮ ਪ੍ਰਗਟ ਕੀਤੇ। ਉਹ ਅਪਣੇ ਧਰਮ ਵਿਚ ਪੱਕੀ ਸੀ। ਉਸ ਨੇ ਪਤੀ ਨੂੰ ਅਪਣੇ ਧਰਮ ਪਰ ਦ੍ਰਿੜ੍ਹ ਕਰ ਦਿਤਾ। ਰੋਜ਼ ਦੀਆਂ ਵਿਚਾਰਾਂ ਪਰ ਹੌਲੀ ਹੌਲੀ ਕਿੰਗਸਲੇ ਦੇ ਸ਼ੱਕ ਦੂਰ ਹੋ ਗਏ ਅਤੇ ਉਹਨਾਂ ਦੀ ਜਗਾ

ਉਹ ਪੱਕਾ ਧਰਮਾਤਮਾ ਹੋ ਗਿਆ। ਕਿੰਗਸਲੇ ਹਰ ਵੇਲੇ ਅਪਣੀ ਕਾਮਯਾਬੀ ਅਪਣੀ ਪਤਨੀ ਤੋਂ ਹੋਈ ਦੱਸਦਾ ਸੀ। ਉਹ ਆਖਦਾ ਸੀ ਕਿ ਜੇ ਇਹ ਪਤਨੀ ਮੈਨੂੰ ਨਾ ਮਿਲਦੀ ਤਾਂ ਮੈਂ ਇਹਨਾਂ ਪ੍ਰਸਿੱਧ ਕਵੀ ਨਹੀਂ ਹੋ ਸਕਦਾ ਸੀ। ਇਕ ਵਾਰ ਇਕੱਲਾ ਕਿਧਰੇ ਸੈਰ ਲਈ ਗਿਆ। ਉਥੋਂ ਜੋ ਪੱਤ੍ਰਕਾ ਅਪਣੀ ਇਸਤ੍ਰੀ ਨੂੰ ਲਿਖੀ ਇਸ ਥੋਂ ਮਲੂਮ ਹੁੰਦਾ ਹੈ ਕਿ ਉਹ ਕਿਹਾ ਹੱਛਾ ਪਤੀ ਸੀ: "ਇਹ ਜਗਾ ਬੜੀ ਸੁੰਦਰ ਹੈ। ਹਰ ਇਕ ਵਸਤੂ ਦਿਲ ਨੂੰ ਮੋਹਨ ਵਾਲੀ ਹੈ, ਪਰ ਤੈਥੋਂ ਬਗੈਰ ਮੈਨੂੰ ਇਕ ਉਜਾੜ ਭਾਸਦੀ ਹੈ। ਹਰ ਵੇਲੇ ਤੇਰਾ ਸੁੰਦਰ ਚਿਹਰਾ ਹੀ ਮੇਰੀਆਂ ਅੱਖਾਂ ਅਗੇ ਦਿਖਲਾਈ ਦਿੰਦਾ ਹੈ। ਲੋਕੀਂ ਆਖਦੇ ਹੁੰਦੇ ਹਨ ਕਿ ਮੁਹੱਬਤ ਕੇਵਲ ਖਾਰਿਆਂ ਦੇ ਵੇਲੇ ਤਕ ਹੁੰਦੀ ਹੈ, ਅਤੇ ਵਿਵਾਹ ਦੇ ਮਗਰੋਂ ਬਿਲਕੁਲ ਕਾਫੂਰ ਹੋ ਜਾਂਦੀ ਹੈ, ਓਹ ਮੂਰਖ ਹਨ। ਮੈਂ ਅਜ ਸਾਰਾ ਦਿਨ ਤਾਕੀ ਦੇ ਪਾਸ ਲੰਮਾ ਪਿਆ ਰਿਹਾ, ਪਰ ਘਰ ਥੋਂ ਛੁਟ ਮੈਨੂੰ ਹੋਰ ਕੋਈ ਖਿਆਲ ਬੀ ਨਾ ਆਇਆ। ਹਾਇ! ਮੇਰਾ ਦਿਲ ਕਿਤਨਾ ਹੀ ਕਰਦਾ ਹੈ ਕਿ ਕਿਵੇਂ ਘਰ ਅੱਪੜਾਂ।"

ਕੁਛ ਚਿਰ ਮਗਰੋਂ ਇਹ ਦੋਵੇਂ ਬੀਮਾਰ ਰਹਿਣ ਲਗੇ, ਪਰ ਆਪੋ ਵਿਚ ਦੁਖ ਵੰਡ ਕੇ ਬੀਮਾਰੀ ਦੇ ਦੁਖ ਨੂੰ ਹੌਲਾ ਕਰ ਲੈਂਦੇ ਸਨ।

ਇਕ ਵਾਰੀ ਕਿੰਗਸਲੇ ਨੇ, ਆਪਣੇ ਮਿਤ੍ਰ ਨੂੰ, ਜਿਸਦੀ ਪਤਨੀ ਬੀਮਾਰ ਸੀ, ਲਿਖਿਆ, "ਵਿਵਾਹ ਸਮੇਂ ਜੋ ਗੱਲਾਂ ਕਹੀਆਂ ਜਾਂਦੀਆਂ ਹਨ ਭਰਤਾ ਇਸਤ੍ਰੀ ਉਸ ਨੂੰ ਹੱਛੀ ਪ੍ਰਕਾਰ ਸਮਝ ਨਹੀਂ ਸਕਦੇ ਜਦ ਤਕ ਕਿ ਆਪੋ ਵਿਚ ਇਕ ਦੂਜੇ ਦੀ ਬੀਮਾਰੀ ਦਾ ਦੁਖ ਵੰਡਣ ਦਾ ਵੱਲ ਨਾ ਆਉਂਦਾ ਹੋਵੇ।"

ਇਸ ਨੇਕ ਆਦਮੀ ਦੇ ਮਰਨ ਥੋਂ ਕੁਛ ਦਿਨ ਪਹਿਲੇ ਉਸਦੀ ਪਤਨੀ ਬਹੁਤ ਬੀਮਾਰ ਹੋ ਗਈ। ਕਿਸੇ ਨੇ ਆਣ ਕੇ ਕਿਹਾ ਕਿ ਤੇਰੀ ਇਸਤ੍ਰੀ ਬਹੁਤ ਬੀਮਾਰ ਹੈ। ਉਸ ਨੇ ਉੱਤਰ ਦਿਤਾ "ਏਸ ਸੰਦੇਸੇ ਨਾਲ ਮੇਰੀ ਮੌਤ ਦੇ ਹੁਕਮ ਉੱਤੇ ਭੀ ਸਹੀ ਪੈ ਗਈ ਹੈ।"

ਇਸ ਦੇ ਮਗਰੋਂ ਉਹ ਆਪ ਬੀ ਬੀਮਾਰ ਹੋ ਗਿਆ। ਹਕੀਮ ਨੇ ਕਿਹਾ ਕਿ ਇਸ ਦੇ ਕਮਰੇ ਨੂੰ ਹਰ ਵੇਲੇ ਗਰਮ ਰਖੋ ਅਤੇ ਉਸ ਨੂੰ ਬਾਹਰ ਨਾ ਨਿਕਲਣ ਦਿਓ। ਕੁਛ ਦਿਨ ਤਾਂ ਅਜਿਹਾ ਹੀ ਕੀਤਾ ਜਾਂਦਾ ਰਿਹਾ, ਪਰ ਅੰਤ ਨਾ ਰਹਿ ਸਕਿਆ। ਪਾਸ ਬੈਠੇ ਆਦਮੀਆਂ ਪਾਸੋਂ ਨਜ਼ਰ ਬਚਾ ਕੇ ਅਪਣੀ ਪਤਨੀ ਦੇ ਕਮਰੇ ਵਿਚ ਜਾ ਵੜਿਆ ਅਤੇ ਉਸਦਾ ਹੱਥ ਆਪਣੇ ਹੱਥ ਵਿਚ ਲੈ ਕੇ ਉਸ ਨੂੰ ਚੰਬੜ ਗਿਆ। ਉਹ ਹੈਰਾਨ ਹੋਕੇ ਉਸਦੇ ਮੂੰਹ ਵੱਲ ਤੱਕਣ ਲਗੀ ਅਤੇ ਡਾਕਟਰ ਦੀ ਆਖੀ ਹੋਈ ਗੱਲ ਦਾ ਚੇਤਾ ਕਰਾਉਣ ਲੱਗੀ। ਉਹ ਆਖਣ ਲੱਗਾ ਮੇਰੇ ਵਾਸਤੇ ਇਹ ਜਗਾ ਸਵਰਗਵਤ ਹੈ, ਕੁਛ ਪ੍ਰਵਾਹ ਨਹੀਂ। ਇਤਨੇ ਚਿਰ ਵਿਚ ਉਸਨੂੰ ਜ਼ੋਰ ਨਾਲ ਖੰਘ ਛਿੜ ਪਈ ਅਤੇ ਉਹ ਨਿਢਾਲ ਹੋ ਗਿਆ। ਉਸਦੇ ਮਿਤ੍ਰ ਉਸ ਨੂੰ ਉਠਾਕੇ ਉਸਦੇ ਕਮਰੇ ਵਿਚ ਲੈ ਗਏ। ਉਥੇ ਲੰਮਾ ਪਿਆ ਹੀ ਪੈਨਸਲ ਨਾਲ ਆਪਣੀ ਪਤਨੀ ਨੂੰ ਪਤ੍ਰਕਾ ਲਿਖਦਾ ਹੁੰਦਾ ਸੀ ਅਤੇ ਉਹ ਬੀ ਲੰਮੀ ਪਈ ਪਈ ਉਸਦਾ ਉੱਤ੍ਰ ਇਸੇ ਪ੍ਰਕਾਰ ਦਿੰਦੀ ਹੁੰਦੀ ਸੀ। ਅੰਤ ਨੂੰ ਦੋਵੇਂ ਅਜਿਹੇ ਨਿਸੱਤੇ ਹੋ ਗਏ ਕਿ ਪੈਨਸਲ ਨਾਲ ਲਿਖਣ ਦੀ ਬੀ ਹਿੰਮਤ ਨਾ ਰਹੀ। ਇਸਦੇ ਕੁਛ ਦਿਨ ਮਗਰੋਂ ਦੰਪਤੀ ਕਿੰਗਸਲੇ ਹੋਰੀਂ ਦੁਨੀਆਂ ਨੂੰ ਛੱਡ ਗਏ।

ਅਜੇਹੀਆਂ ਬਹੁਤ ਸਾਰੀਆਂ ਉਦਾਹਰਣਾਂ ਮਿਲ ਸਕਦੀਆਂ ਹਨ, ਪਰ ਜਿਤਨੀਆਂ ਲੋੜੀਂਦੀਆਂ ਸਨ ਪ੍ਰਗਟ ਕਰ ਦਿਤੀਆਂ ਹਨ। ਜਿਥੇ ਕੁਪੱਤੀਆਂ ਇਸਤ੍ਰੀਆਂ ਨਾਲ ਵਾਹ ਪੈ ਗਿਆ, ਕਈ ਲਾਇਕ ਅਤੇ ਦਾਨਾ ਆਦਮੀਆਂ ਦੀਆਂ ਜ਼ਿੰਦਗੀਆਂ ਖਰਾਬ ਅਤੇ ਬਰਬਾਦ ਹੋ ਗਈਆਂ।

ਸਾਨੂੰ ਆਸ਼ਾ ਹੈ ਕਿ ਸਾਡੇ ਦੇਸ਼ ਦੀਆਂ ਮਾਵਾਂ ਆਪਣੀਆਂ ਧੀਆਂ ਨੂੰ ਬੀ ਅਜਿਹੀਆਂ ਹੀ ਗੱਲਾਂ ਦਾ ਉਪਦੇਸ ਦੇ ਕੇ ਆਪਣੀਆਂ ਧੀਆਂ ਦੀ ਅਗਲੀ ਉਮਰ ਨੂੰ ਸਵਾਰਨ ਦੀ ਕੋਸ਼ਸ਼ ਕਰਨਗੀਆਂ, ਤਾਕਿ ਉਹ ਬੀ ਆਪਣਿਆਂ ਪਤੀਆਂ ਨਾਲ ਹਿਤ ਰੱਖ ਕੇ ਆਪਣੀਆਂ ਜ਼ਿੰਦਗੀਆਂ ਨੂੰ ਹਛੀ ਪ੍ਰਕਾਰ ਨਿਬਾਹੁਣ।

(ਆਧੁਨਿਕ ਜਗਤ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਪ੍ਰਸਿਧ ਸਾਹਿਤਕਾਰ ਭਾਈ ਵੀਰ ਸਿੰਘ ਜੀ ਦੀਆਂ ਰਚਨਾਵਾਂ ਨਿਰਸੰਦੇਹ ਗੁਰਮਤਿ ਗਾਡੀ ਰਾਹ ਦੇ ਮਜੀਠ ਰੰਗ ਵਿਚ ਰੰਗੀਆਂ ਹੋਈਆਂ ਦ੍ਰਿਸ਼ਟਗੋਚਰ ਹੁੰਦੀਆਂ ਹਨ ਪ੍ਰੰਤੂ ਜੇਕਰ ਇਹਨਾਂ ਰਚਨਾਵਾਂ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਜਾਵੇ ਤਾਂ ਇਹ ਤੱਥ ਵੀ ਉੱਘੜ ਕੇ ਸਾਹਮਣੇ ਆਉਂਦਾ ਹੈ ਕਿ ਭਾਈ ਸਾਹਿਬ ਇਕ ਸਰੇਸ਼ਟ ਸਮਾਜ ਸੁਧਾਰਕ ਵੀ ਸਨ। 'ਛਿਪੇ ਰਹਿਣ ਦੀ ਚਾਹ' ਦੇ ਧਾਰਨੀ ਹੋਣ ਦੇ ਬਾਵਜੂਦ ਆਪ ਜੀ ਅਜਿਹੇ ਗਹਿਣ ਚਿੰਤਕ ਅਤੇ ਲੋਕ ਦੁਖ ਦਰਦ ਦਾ ਗੰਭੀਰਤਾ ਨਾਲ ਅਹਿਸਾਸ ਕਰਨ ਵਾਲੇ ਹਮਦਰਦ ਸਾਹਿਤਕਾਰ ਸਨ ਜਿਸ ਦੀ ਝਲਕ ਆਪ ਜੀ ਦੀ ਰਚਨਾ 'ਨਾਰਿ ਭਤਾਰ ਹੈ' ਵਿਚ ਜੋ ਨਾਰੀ ਦਾ ਰੂਪ ਪ੍ਰਸਤੁੱਤ ਹੁੰਦਾ ਹੈ ਉਸ ਵਿਚ ਭਲੀਭਾਂਤ ਰੂਪ ਮਾਨ ਕੀਤਾ ਗਿਆ ਹੈ। ਭਾਈ ਸਾਹਿਬ ਨੇ ਸਮਕਾਲੀ ਸਮਾਜ ਵਿਚ ਔਰਤ ਦੀ ਧਾਰਮਿਕ, ਸਮਾਜਿਕ ਤੇ ਆਰਥਿਕ ਖੇਤਰ ਵਿਚ ਪ੍ਰਚਲਤ ਦੀਨ ਤੇ ਹੀਨ ਦੁਰਦਸ਼ਾ ਨੂੰ ਦੁਖੀ ਹਿਰਦੇ ਨਾਲ ਗੁਰਮਤਿ ਆਸ਼ੇ ਦੇ ਵਿਪਰੀਤ ਮਹਿਸੂਸ ਕਰਦਿਆਂ ਔਰਤ ਦੀ ਦਸ਼ਾ ਨੂੰ ਸੁਧਾਰਨ ਤੇ ਸਵਾਰਨ ਲਈ ਆਪਣੀਆਂ ਗਲਪ ਰਚਨਾਵਾਂ ਵਿਚ ਔਰਤ ਨੂੰ ਅਬਲਾ ਦੀ ਥਾਂ ਅਜਿਹੀ ਸਬਲਾ ਸਰੂਪ ਵਾਲੀ ਪ੍ਰਸਤੁੱਤ ਕੀਤਾ ਹੈ ਜੋ ਸਿੰਘਾਂ ਨਾਲ ਜੰਗਲ ਬੇਲਿਆਂ ਵਿਚ ਨਿਰਭਉ ਰਹਿ ਸਕਣ ਵਾਲੀ ਹੈ ਘੋੜ ਸਵਾਰੀ ਕਰਦੀ ਹੈ, ਤਲਵਾਰ ਚਲਾਉਂਦੀ ਹੈ, ਦੁਸ਼ਟਾਂ ਨੂੰ ਸੋਧਣ ਲਈ ਖੰਡਾ ਖੜਕਾਉਂਦੀ ਹੈ ਅਤੇ ਨਿਰਵੈਰ ਪਾਉਣਾ ਨਾਲ ਵੈਰੀ ਧਿਰ ਦੇ ਜ਼ਖਮੀਆਂ ਦੀ ਮਰਹਮ ਪਟੀ ਕਰਨ ਦੇ ਨਾਲ ਨਾਲ ਉਹਨਾਂ ਦੇ ਠੀਕ ਹੋਣ ਤਕ ਜਲ ਪਾਣੀ ਦੀ ਸੇਵਾ ਵੀ ਕਰਦੀ ਹੈ। ਸਬਲਾ ਔਰਤ ਦਾ ਇਹ ਸੇਵਾ ਭਾਵਨਾ ਵਾਲਾ ਜਲਾਲੀ ਰੂਪ ਭਾਈ ਸਾਹਿਬ ਦੀਆ ਗਲਪ ਰਚਨਾਵਾਂ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ, ਬਾਬਾ ਨੌਧ

ਸਿੰਘ ਅਤੇ ਮਹਾ ਕਾਵਿ ਰਾਣਾ ਸੂਰਤ ਸਿੰਘ ਦੀ ਨਾਇਕਾ ਰਾਣੀ ਸਦਾ ਕੌਰ ਦੀ ਜੀਵਨ ਸ਼ੈਲੀ ਤੋਂ ਭਲੀਭਾਂਤ ਉਭਰ ਕੇ ਸਾਹਮਣੇ ਆਉਂਦਾ ਹੈ। ਨਮੂਨੇ ਵਜੋਂ ਕੁਛ ਤੁਕਾਂ ਪਾਠਕਾਂ ਦੇ ਗਿਆਤ ਹਿਤ ਏਥੇ ਦਿਤੀਆਂ ਜਾ ਰਹੀਆਂ ਹਨ। - ਸੰਪਾਦਕ)

...ਹੁਣ ਜਦ ਮੈਂ ਸੋਚਦੀ ਹਾਂ ਕਿ ਧਰਮ ਅਜਿਹੀ ਪਵਿੱਤ੍ਰ ਵਸਤੂ ਹੈ ਕਿ ਇਸ ਨਾਲ ਜੋ ਕੰਮ ਹੁੰਦਾ ਹੈ, ਸੋ ਦ੍ਰਿੜ੍ਹ ਤੇ ਸੱਚਾ ਅਰ ਅਟੱਲ ਹੁੰਦਾ ਹੈ ਤਾਂ ਮੈਂ ਇਸ ਤੋਂ ਕਿਉ ਮੂੰਹ ਮੋੜਾਂ? ਤੁਹਾਡੇ ਮਨ ਵਿਚ ਇਹ ਸੰਸਾ ਹੋਊ ਕਿ ਤੀਵੀਂ ਜਿਕੁਰ ਸਰੀਰ ਕਰਕੇ ਨਿਰਬਲ ਹੁੰਦੀ ਹੈ, ਉਂਕਰ ਹੀ ਮਨ ਕਰ ਕੇ ਵੀ ਨਿਰਬਲ ਹੈ, ਪਰ ਇਸ ਸੰਸੇ ਨੂੰ ਭੀ ਨਵਿਰਤ ਕਰੋ। ਇਸਤ੍ਰੀ ਦਾ ਮਨ ਮੋਮ ਵਰਗਾ ਨਰਮ ਤੇ ਪੱਥਰ ਵਰਗਾ ਕਰੜਾ ਹੁੰਦਾ ਹੈ ਅਤੇ ਧਰਮ ਦੀ ਪਾਣ ਜਦ ਇਸਤ੍ਰੀ ਦੇ ਮਨ ਪੁਰ ਚੜ੍ਹਦੀ ਹੈ ਤਦ ਉਹ ਐਸੀ ਦ੍ਰਿੜ੍ਹ ਹੁੰਦੀ ਹੈ ਕਿ ਉਸ ਨੂੰ ਕੋਈ ਹਿਲਾ ਨਹੀਂ ਸਕਦਾ। ਮੈਂ ਇਹ ਗੱਲ ਸ਼ੇਖੀ ਮਾਰ ਕੇ ਨਹੀਂ ਆਖਦੀ ਪਰ ਨਿਰਾ ਸਤਿਗੁਰਾਂ ਦੀ ਕ੍ਰਿਪਾ ਪਰ ਭਰੋਸਾ ਰੱਖ ਕੇ ਆਖਦੀ ਹਾਂ। (ਸੁੰਦਰੀ, ਪੰਨਾ 21)

...ਇਕ ਅੱਧੇ ਸਿੱਖ ਨੇ ਬੇਗ਼ਮਾਂ ਤੋਂ ਗਹਿਣੇ ਲੈਣ ਦੀ ਸਲਾਹ ਕੀਤੀ, ਪਰ ਬਲਵੰਤ ਸਿੰਘ ਨੇ ਝਟ ਰੋਕ ਦਿਤਾ ਕਿ ਇਸਤ੍ਰੀ ਪਰ ਧੱਕਾ ਕਰਨਾ ਖਾਲਸੇ ਦਾ ਧਰਮ ਨਹੀਂ। ਭਰਾ ਦੀ ਇਹ ਗੰਭੀਰਤਾ ਵੇਖ ਕੇ ਸੁੰਦਰੀ ਬਾਗ਼ ਬਾਗ਼ ਹੋ ਗਈ। (ਸੁੰਦਰੀ, ਪੰਨਾ 31)

...ਮੇਰੀ ਵਾਸ਼ਨਾ ਇਹ ਹੈ ਕਿ ਮੇਰੀ ਉਮਰਾ ਖਾਲਸੇ ਜੀ ਦੀ ਸੇਵਾ ਵਿਚ ਸਫਲੀ ਹੋਵੇ। ਜੇਕਰ ਆਪ ਆਗਯਾ ਬਖਸ਼ੋ ਤਾਂ ਮੈਂ ਆਪਣੇ ਭਰਾਵਾਂ ਵਿਚ ਰਹਾਂ। ਜਦ ਸੁਖ ਦੇ ਦਿਨ ਹੋਣ ਤਾਂ ਲੰਗਰ ਆਦਿਕ ਦੀ ਸੇਵਾ ਕਰਾਂ, ਜਦ ਜੁੱਧ ਚੜ੍ਹੋ ਤਦ ਵੀ ਮੈਂ ਨਾਲ ਰਹਾਂ ਅਰ ਘਾਇਲ ਭਰਾਵਾਂ ਦੀ ਮਲ੍ਹਮ ਪੱਟੀ ਕੀਤਾ ਕਰਾਂ। ਮੈਥੋਂ ਇਹ ਨਹੀਂ ਡਿੱਠਾ ਜਾਂਦਾ ਕਿ ਮੇਰਾ ਵੀਰ ਧਰਮ ਪਿਛੇ ਜਾਨ ਤਲੀ ਪਰ ਧਰੀ ਫਿਰੇ ਤੇ ਮੈਂ ਆਪਨਾ ਜੀਵਨ ਧਰਮ ਅਰਪਨ ਨਾ ਕਰਾਂ। ਇਹ ਦਾਨ ਕਰੋ ਕਿ ਤੁਸਾਂ ਜੀ ਦੀ ਕ੍ਰਿਪਾ ਨਾਲ ਬਾਣੀ ਪੜ੍ਹਾਂ, ਨਾਮ ਜਪਾਂ ਤੇ ਸੇਵਾ ਕਰਾਂ। ਜੇ ਮੇਰਾ ਜੀਵਨ ਧਰਮ ਦੇ ਅਰਪਨ ਹੋਵੇ, ਤਦ ਮੇਰੇ ਵਰਗੀ ਭਾਗਾਂ ਵਾਲੀ ਕੌਣ ਹੈ?

...**ਸੁੰਦਰੀ** - ਨਿਮਾਜ ਕਦੀ ਭਾਵੇਂ ਭੁੱਲ ਕੇ ਵੀ ਨਾ ਪੜ੍ਹੋ, ਪਰ ਜ਼ੁਲਮ ਕਰਨ ਲਈ ਦੀਨ ਦੇ ਮੱਥੇ, ਹੇ ਕ੍ਰਿਤਘਣ ਪੁਰਖ। ਇਹ ਲੱਛਣ ਵੱਡੇ ਖੋਟੇ ਹਨ। ਯਾਦ ਰੱਖ ਤੂੰ ਯਾ ਤੇਰਾ ਮਾਲਕ ਆਪਣੀ ਮੁਰਾਦ ਨੂੰ ਕਦੀ ਨਾ ਪਹੁੰਚੇਗਾ, ਕਿਉਂਕਿ ਮੈਂ ਸ਼ੇਰਨੀ ਹਾਂ, ਕੋਈ ਕਮੀਨ ਇਸਤ੍ਰੀ ਨਹੀਂ ਕਿ ਕਿਸੇ ਲਾਲਚ ਵਿਚ ਫਸਾਂ, ਜਾਨ ਦਿਆਂਗੀ, ਪਰ ਧਰਮ ਨਹੀਂ।

...ਹੁਣ ਇਸ ਨਵੀਂ ਬਿਪਤਾ ਨੂੰ ਕੀ ਕਰਾਂ? ਮੈਂ ਪਰਸੋਂ ਦੀ ਭੁੱਖੀ ਹਾਂ, ਹਾਇ! ਤਿੰਨ ਦਿਨ ਜਲ ਅੰਗੀਕਾਰ ਕੀਤਿਆਂ ਲੰਘ ਗਏ। ਮੇਰੀਆਂ ਅੱਖਾਂ ਕਿਸ ਤਰ੍ਹਾਂ ਰਕੇਬੀ ਵਲ ਤੱਕਦੀਆਂ ਹਨ, ਚਾਰ ਬੋਟੀਆਂ ਤੇ ਅੱਧੀ ਰੋਟੀ ਪਈ ਹੈ, ਕਲੇਜੇ ਨੂੰ ਲੂਹਾਂ ਫਿਰਦਾ ਹੈ, ਢਿੱਡ ਨੂੰ ਛੁਰੀ ਵੱਜਦੀ ਹੈ, ਜੀ ਕਹਿੰਦਾ ਹੈ ਖਾ ਲੈ। ਖਾ ਲਵਾਂ, ਸੱਚੀ ਖਾ ਲਵਾਂ? ਹਾਇ! ਹੇ ਮਨ! ਖਾ ਲਵਾਂ? ਕਿੱਕੁਰ ਖਾਵਾਂ? ਇਹ ਕੁੱਠਾ ਹੈ, ਖ਼ਬਰੇ ਕਿਸ ਚੀਜ਼ ਦਾ ਮਾਸ ਹੈ, ਮੈਂ ਸਿੱਖਾਂ ਦੀ ਪੁਤ੍ਰੀ ਹਾਂ, ਮੈਂ ਸਿੱਖਣੀ ਹਾਂ, ਮੈਂ ਕਿੱਕੁਰ ਖਾ ਲਵਾਂ? ਹੇ ਮਨ! ਖਾ ਲਵਾਂ? ਪ੍ਰਾਣ ਜਾਣ ਤਾ ਜਾਣ ਪਰ ਧਰਮ ਨਾ ਜਾਏ। ਹੁਣ ਕੀ ਹੋਵੇ? ਖ਼ਬਰੇ ਪ੍ਰਾਣ ਜਾਣ ਵੇਲੇ ਅੰਨ ਕੁਅੰਨ ਖਾ ਲਈਦਾ ਹੈ, ਪਰ ਪਤਾ ਨਹੀਂ। ਜੇ ਮੈਂ ਜਾਣਦੀ ਕਿ ਇਹ ਵਖਤ ਪੈਣੇ ਹਨ ਤਾਂ ਸਭ ਗੱਲਾਂ ਪੁੱਛ ਛੱਡਦੀ। ਪਰ ਜੇ ਦੀ ਕਿਸਨੂੰ ਖ਼ਬਰ ਸੀ। ...ਮੈਂ ਕੀ ਕਰਾਂ? ਖਾਵਾਂ, ਨਾ ਖਾਵਾਂ? ਫੇਰ ਡੋਬ ਆਇਆ............। ਹਾਇ ਮੈਂ ਗਈ......(ਤ੍ਰਬ੍ਹਕ ਕੇ ਅੱਖਾਂ ਖੋਹਲ ਕੇ) ਮੈਨੂੰ ਕੁਝ ਥਹੁ ਨਹੀਂ ਲਗਦਾ, ਪਰ ਧਰਮ ਰੱਖਣਾ ਹੈ, ਧਰਮ ਰੱਖਣਾ ਹੈ। ਜੇ ਨਾ ਖਾਵਾਂ ਤਾਂ ਮੇਰਾ ਨਿਸਚਾ ਹੈ ਕਿ ਧਰਮ ਨਹੀਂ ਜਾਏਗਾ। ਚੱਲ ਮਨ! ਉੱਠ, ਭੁਆਕੇ ਮਾਰ ਇਨ੍ਹਾਂ ਮਾਸ ਦੀਆਂ ਬੋਟੀਆਂ ਨੂੰ, ਜੋ ਹੋਵੇ ਸੋ ਹੋਵੇ। ਚੱਲ, ਜਾਹ ਪਰੇ ਹੋ, ਹੇ ਕੁਅੰਸ! ਮੇਰੇ ਅੱਗੋਂ (ਬੋਟੀਆਂ ਪਰੇ ਸਿੱਟਕੇ) ਚੜ੍ਹਦੀਆਂ ਕਲਾਂ ਜੀ! ਆਓ, ਸ਼ੇਰ ਬੱਚੀ ਨੂੰ ਸ਼ੇਰ ਬਣਾਓ। (ਸਤਵੰਤ ਕੌਰ ਪੰਨਾ 3)

...**ਤ੍ਰੀਮਤ**- ਸਿੱਖ ਲੁਟੇਰੇ ਨਹੀਂ ਹਨ। ਲੁਟੇਰੇ ਤੇਰੇ ਹਾਕਮ ਹਨ, ਜੋ ਪੰਜਾਬ ਵਿਚ ਪਰਜਾ ਨੂੰ ਲੁਟਦੇ ਹਨ। ਤੈਂ ਬਿੱਲੀਆਂ ਨੂੰ ਪੇੜਿਆਂ ਦੀ ਰਾਖੀ ਪੁਰ ਛੱਡਿਆ ਹੈ। ਹਾਕਮਾਂ ਨੇ ਤੇ ਚੌਧਰੀਆਂ ਨੇ ਕਈ ਤ੍ਰੀਕੇ ਰੱਖੇ ਹੋਏ ਹਨ, ਜਿਨ੍ਹਾਂ ਨਾਲ ਉਹ ਦੇਸ਼ ਨੂੰ ਲੁਟਦੇ ਅਰ ਪਰਜਾ ਨੂੰ ਵੈਰਾਨ ਕਰਦੇ ਹਨ। ਸਿੱਖ ਉਨ੍ਹਾਂ ਤੋਂ ਪਰਜਾ ਦੀ ਰਾਖੀ ਕਰਦੇ ਹਨ। ਜਦ ਦੁਹਾਈ ਮੱਚਦੀ ਹੈ ਤਦ ਦੋਸ਼ ਸਿੱਖਾਂ ਦੇ ਸਿਰ ਥੱਪ ਦਿੰਦੇ ਹਨ ਅਰ ਬੇਗੁਨਾਹਾਂ ਨੂੰ ਫੜਕੇ ਮਾਰ ਦਿੰਦੇ ਹਨ। ਫਰਿਯਾਦ ਕੋਈ ਸੁਣਦਾ ਨਹੀਂ, ਜਿਸ ਨੂੰ ਕਹੋ ਉਹ ਆਪ ਉਹੋ ਜਿਹਾ ਉਪੱਦਰੀ ਹੁੰਦਾ ਹੈ। ਸਭ ਤੋਂ ਵੱਡੇ ਦਿੱਲੀ ਵਾਲੇ ਹਨ, ਉਹ ਬੁੱਢੇ ਸ਼ੇਰ ਵਾਂਗ ਹਿੱਲਣ ਜੋਗੇ ਨਹੀਂ। ਪਰਜਾ ਦੀ ਦੂਜੀ ਪਹੁੰਚ ਆਪਦੇ ਥਾਪੇ ਹਾਕਮਾਂ ਤੱਕ ਹੁੰਦੀ ਹੈ, ਉਹ ਵੀ ਉਹੋ ਜੇਹੇ ਹਨ। ਤੁਸੀਂ ਜਿੰਨੀ ਵੇਰ ਪੰਜਾਬ ਹਿੰਦੁਸਤਾਨ ਵਿਚ ਗਏ ਪਰਜਾ ਨੂੰ ਲੁੱਟ ਲੁੱਟ ਕੇ ਨਾਸ਼ ਕੀਤਾ ਅਰ ਆਪਣੇ ਖੀਸੇ ਭਰਕੇ ਕਾਬਲ ਦਾ ਰਸਤਾ ਫੜਿਆ। ਸਿੱਖਾਂ ਨਾਲ ਤੁਸਾਂ ਦਾ ਵੈਰ ਠੀਕ ਨਹੀਂ। ਜੇ ਨਿਆਉਂ ਨਾਲ ਦੇਖੋ ਤਾਂ ਸਿੱਖ ਜ਼ਾਲਮ ਹਾਕਮਾਂ ਨੂੰ ਸਜਾ ਦਿੰਦੇ ਹਨ, ਉਨ੍ਹਾਂ ਨੂੰ ਲੁੱਟਦੇ ਅਰ ਉਨ੍ਹਾਂ ਦੀ ਮਿੱਟੀ ਪੁੱਟਦੇ ਹਨ। ਪੰਜਾਬ ਸਾਡਾ ਘਰ ਹੈ, ਦੇਸ਼ ਹੈ। ਤੁਹਾਡਾ ਕੋਈ ਹਕ ਨਹੀਂ ਕਿ ਸਾਡੇ ਦੇਸ਼ ਨੂੰ ਲੁੱਟੋ ਤੇ ਉਸ ਤੇ ਰਾਜ ਕਰੋ। ਆਪਣਾ ਘਰ ਸੰਭਾਲਣ ਵਾਸਤੇ ਸਿੱਖਾਂ ਦਾ ਤੁਸਾਂ ਨਾਲ ਲੜ ਪੈਣਾ ਕੋਈ ਅਪ੍ਰਾਧ ਨਹੀਂ। ਮੈਂ ਸੱਚ ਕਹਿ ਦਿੱਤਾ ਹੈ ਅਰ ਨਿਡਰ ਹੋਕੇ ਕਿਹਾ ਹੈ। ਮੌਤ ਤੋਂ ਨਿਡਰ ਹੈ ਓਹ ਕਾਸ ਤੋਂ ਡਰੇ? ਮੈਨੂੰ ਮਾਰ ਦੇਣ ਦੀ ਤਾਕਤ ਆਪ ਨੂੰ ਹੈ, ਸੋ ਮੈਂ ਆਪ ਮੌਤ ਦੇ ਮੂੰਹ ਪਈ ਹਾਂ। ਮੇਰੀ ਇਕੋ ਡੰਝ ਬਾਕੀ ਸੀ ਕਿ ਆਪ ਦੇ ਕੰਨੀਂ ਇਹ ਸੱਚ ਦੀ ਆਵਾਜ਼ ਪੈ ਜਾਵੇ ਸੋ ਮੈਂ ਪਾ ਦਿੱਤੀ ਹੈ। ਮੌਤ ਮੈਨੂੰ ਜੱਫੀ ਪਾਏ ਖੜੋਤੀ ਹੈ, ਮੈਂ ਮੌਤ ਦੀ ਗੋਦੀ ਵਿਚ ਬੈਠੀ ਹਾਂ, ਇਸ ਲਈ ਮੈਂ ਨਿਡਰ ਹਾਂ। ਜਿੰਦਾਂ

ਦਾ ਪਿਆਰ ਜੀਵ ਨੂੰ ਕਾਇਰ ਬਣਾਉਂਦਾ ਹੈ, ਜਿੰਦ ਤੋਂ ਹੱਥ ਧੋਤੇ ਤਾਂ ਬੀਰ ਹੋ ਗਏ। ਆਪ ਬੜੇ ਬਲਵਾਨ ਹੋ, ਮੈਂ ਕੈਦੀ ਹਾਂ, ਪਰ ਮੈਂ ਸਿੱਖ ਦੀ ਧੀ ਹਾਂ, ਬਹਾਦਰਾਂ ਦੇ ਘਰ ਜੰਮੀ ਪਲੀ ਹਾਂ, ਮੈਂ ਸੱਚ ਨੂੰ ਪਿਆਰ ਕਰਦੀ ਹਾਂ। ਹੁਣ ਹੁਕਮ ਦਿਓ ਜ਼ੋ ਮੇਰਾ ਸਿਰ ਤਨ ਤੋਂ ਜੁਦਾ ਹੋ ਜਾਏ। (ਸਤਵੰਤ ਕੌਰ, ਪੰਨਾ 17)

...ਮੈਂ ਸਿੱਖ ਕੰਨਯਾਂ ਹਾਂ, ਮੇਰਾ ਸਰੀਰ ਪਵਿੱਤ੍ਰ ਹੈ। ਮੈਂ ਕਿਸੇ ਦੇ ਜ਼ੋਰ ਜ਼ੁਲਮ ਹੇਠ ਧਰਮ ਨਹੀਂ ਹਾਰ ਸਕਦੀ। (ਸਤਵੰਤ ਕੌਰ, ਪੰਨਾ 25)

...ਬਹੁਤ ਸਾਰੇ ਨੌਜਵਾਨ ਨਿਰੀਆਂ ਸੁਹਣੀਆਂ ਵਹੁਟੀਆਂ ਢੂੰਡਦੇ ਹਨ, ਪਰ ਨਿਰੀ ਸੁਹੱਪਣ ਵਾਲੀ ਵਹੁਟੀ ਥੋੜੇ ਦਿਨ ਹੀ ਚੰਗੀ ਲਗਦੀ ਹੈ। ਜਦ ਪਹਿਲੇ ਚਾਉ ਦੇ ਦਿਨ ਲੰਘ ਜਾਂਦੇ ਹਨ, ਤਦ ਗੁਣਾਂ ਦੀ ਖਿੱਚ ਹੀ ਇਸਤ੍ਰੀ ਭਰਤਾ ਦੇ ਸਦਾ ਸੁਖੀ ਨਿਭਣ ਦਾ ਕਾਰਨ ਬਣਦੀ ਹੈ। ਜੇ ਗੁਣ ਨਾ ਹੋਣ ਤਾਂ ਚਿੱਟੇ ਰੰਗ ਦੀ ਵਹੁਟੀ ਬੀ ਮਾੜੀ ਲੱਗਣ ਲੱਗ ਜਾਂਦੀ ਹੈ; ਤਾਂਤੇ ਗੁਣਾਂ ਦੀ ਸੁੰਦਰਤਾ ਪ੍ਰਾਪਤ ਕਰਨੀ ਸਭ ਤੋਂ ਵੱਡੀ ਸੁੰਦਰਤਾ ਹੈ। ਚਿਹਰੇ ਦੀ ਸੁੰਦਰਤਾ ਨੂੰ ਹੀ ਇਕੱਲਾ ਲੱਛਣ ਚੰਗਿਆਈ ਦਾ ਨਹੀਂ ਸਮਝ ਲੈਣਾ ਚਾਹੀਦਾ ਜੋ ਇਕ ਫਿਨਸੀ ਨਾਲ ਵਿਗੜ ਜਾ ਸਕਦੀ ਹੈ ਅਰ ਸੀਤਲਾ ਦੇ ਇਕ ਧੱਪੇ ਨਾਲ ਕੁਰੂਪਤਾ ਵਿਚ ਬਦਲ ਜਾ ਸਕਦੀ ਹੈ, ਪਰ ਗੁਣਾਂ ਦੀ ਸੁੰਦਰਤਾ ਹੀ ਹੈ ਜੋ ਵਧੇਰੇ ਨਾਲ ਨਿਭਦੀ ਹੈ। ਮਹਾਰਾਜ ਜੀ ਦਾ ਵਾਕ ਹੈ:- "ਗੁਣ ਕਾਮਣ ਕਰਿ ਕੰਤੁ ਰੀਝਾਇਆ॥" (ਸਤਵੰਤ ਕੌਰ, ਪੰਨਾ 33)

...ਅਰਦਾਸੇ ਤੋਂ ਜਸਵੰਤ ਸਿੰਘ ਨੂੰ ਪਤਾ ਲਗਾ ਕਿ ਮਾਮਲਾ ਇਹ ਹੈ ਕਿ ਕਿਸੇ ਇਕ ਤੁਰਕਾਨੀ ਹਮਲੇ ਦੀ ਵਾਪਸੀ ਪਰ ਲੁੱਟਮਾਰ ਦੇ ਮਾਲ ਦੇ ਨਾਲ ਕਈ ਬੇੜੀਆਂ ਹਿੰਦੂ ਕੈਦੀਆਂ ਦੀਆਂ ਇਥੋਂ ਪਾਰ ਹੋ ਰਹੀਆਂ ਸਨ ਕਿ ਉਨ੍ਹਾਂ ਵਿਚ ਇਕ ਸਿੱਖ-ਕੰਨਯਾ ਬੀ ਹੱਥ ਪੈਰ ਬੱਧੀ ਹੋਈ ਜਾ ਰਹੀ ਸੀ। ਇਹ ਲੜਕੀ ਰਸਤੇ ਵਿਚ ਸਭਨਾਂ ਨੂੰ ਉਦਮ ਦਾ ਉਪਦੇਸ਼ ਦੇਂਦੀ ਸੀ, ਮਰਦ ਤੀਵੀਂ ਸਭ ਨੂੰ ਕਹਿੰਦੀ ਸੀ ਕਿ ਚੁੱਪ ਚਾਪ ਬੱਕਰੀਆਂ ਵਾਂਙੂ ਆਪਣੇ ਕਸਾਈ ਦੇ ਮਗਰ ਕਿਉਂ ਜਾ ਰਹੀਆਂ ਹੋ, ਕਿਉਂ ਨਹੀਂ ਅੜਦੇ ਲੜਦੇ ਮਰਦੇ ਮਾਰਦੇ? ਗ਼ੁਲਾਮੀ ਵਿਚ ਜਾ ਰਹੇ ਹੋ, ਗ਼ੁਲਾਮੀ ਦਾ ਜੀਵਨ ਮੌਤ ਤੋਂ ਬੁਰਾ ਸਿਰੇ ਆ ਰਿਹਾ ਹੈ, ਉਸ ਜੀਵਨ ਦਾ ਕੀ ਲਾਭ ਹੈ? ਲੜਨ ਨਾਲ ਮੌਤ ਹੈ। ਸੋ ਉਹ ਮੌਤ ਜੋ ਖੁਲ੍ਹ ਲਈ ਆ ਜਾਵੇ ਉਸ ਜੀਵਨ ਤੋਂ ਜੋ ਗ਼ੁਲਾਮੀ ਵਿਚ ਬੀਤੇ, ਸਰੇਸ਼ਟ ਹੈ। ਇਹ ਉਪਦੇਸ਼ ਕਦੇ ਅਸਰ ਕਰਦਾ ਸੀ ਅਰ ਕੈਦੀ ਵਿੱਟਰ ਖਲੋਂਦੇ ਤੇ ਕੈਦ ਪਾਉਣ ਵਾਲੇ ਜਰਵਾਣਿਆਂ ਨਾਲ ਟੱਕਰ ਹੋ ਜਾਂਦੀ ਸੀ, ਕਦੇ ਮਰਦੇ ਫਟੀਂਦੇ ਪਰ ਕੈਦ ਪਾਉਣ ਵਾਲੇ ਬੀ ਕਈ ਜ਼ਖਮੀ ਹੁੰਦੇ ਕਦੇ ਕੋਈ ਮਰ ਭੀ ਜਾਂਦਾ। ਅੰਤ ਉਹਨਾਂ ਨੂੰ ਪਤਾ ਲਗ ਗਿਆ ਸੀ ਕਿ ਸਾਡੇ ਕੈਦੀਆਂ ਵਿਚ ਇਕ ਸਿੱਖ ਕੁੜੀ ਹੈ, ਅਸੀਂ ਜਾਲ ਫਾਹੀਆਂ ਮੱਛੀਆਂ ਦੇ ਢੇਰ ਵਿਚ ਇਕ (ਨਿਹੰਗ) ਮਗਰਮੱਛ ਦਾ ਬੱਚਾ ਬੀ ਲਿਜਾ ਰਹੇ ਹਾਂ। ਸੋ ਉਹ ਉਸ ਪਰ ਕਰੜਾਈ ਬਹੁਤ ਕਰਦੇ ਸੇ ਤੇ ਉਸ ਦੇ ਹੱਥ ਪੈਰ ਬੰਨ੍ਹ ਦਿੱਤੇ ਸੇ। ਹੁਣ ਏਥੋਂ ਕੁ ਵਾਰ ਅੱਪੜਕੇ ਸਲਾਹ ਠਹਿਰੀ ਕਿ ਇਸ ਨੂੰ ਇਥੇ ਹੀ ਮੁਸਲਮਾਨ ਬਣਾ ਲਈਏ, ਸੋ ਉਸ ਨੂੰ ਹੁਕਮ ਦਿੱਤਾ ਗਿਆ ਪਰ ਉਸ ਨੇ ਨਾ ਮੰਨਿਆ। ਕਾਜ਼ੀ ਆਇਆ, ਬਹਿਸ ਛਿੜੀ, ਉਸ ਨਿਰਭੈ ਕੁਮਾਰੀ ਨੇ ਓਹ ਸੁਣਾਈਆਂ ਕਿ ਜਰਵਾਣਿਆਂ ਤੋਂ ਕੁਛ ਬਣ ਨਾ ਪਈ, ਛੇਕੜ ਨੌਬਤ ਮਾਰ ਕੁਟਾਈ ਤੇ ਅਪੜੀ। ਜਦ ਕੁਛ ਪੇਸ਼ ਨਾ ਗਈ ਤਦ ਜ਼ਾਲਮਾਂ ਨੇ ਕੰਨਯਾਂ ਜਾ ਕੇ ਦਰਯਾ ਵਿਚ ਸੁੱਟ ਦਿੱਤੀ। ਓਹ ਸੂਰਮਿਆਂ ਦੀ ਵੰਸ਼, ਬੀਰਾ, ਖਲਾਸੀ ਪਾ ਗਈ ਸਰੀਰ ਦੀ ਕੈਦ ਤੋਂ ਤੇ ਜਰਵਾਣਿਆਂ ਦੀ ਬੰਦ ਤੋਂ, ਸੁਚੀ ਤੇ ਸੁਤੰਤ੍ਰ ਗਈ ਸਾਂਈਆਂ ਜੀ ਦੇ ਦੇਸ਼। ਕੈਦ ਪਾਉਣ ਵਾਲੇ ਤੇ ਕੈਦੀ ਪਿਸ਼ਾਵਰ ਨੂੰ ਟੁਰ ਗਏ ਅਤੇ ਇਹ ਸਾਰਾ ਮਾਜਰਾ ਉਥੇ ਉਸ ਇਲਾਕੇ ਵਿਚ ਪ੍ਰਸਿੱਧ ਹੋ ਗਿਆ। ਇਲਾਕੇ ਦੇ ਸਿੱਖਾਂ ਨੇ, ਜੋ ਦੂਰ ਨੇੜੇ ਬਹੁਤ ਸਨ, ਇਹ ਖਬਰ ਸੁਣ ਪਾਈ ਤੇ ਏਥੇ ਕੱਠੇ ਹੋਏ। ਲੋਥ ਤਾਂ ਕੀ ਲੱਭਣੀ ਸੀ ਪਰ ਕੜਾਹ ਪ੍ਰਸ਼ਾਦ ਕੀਤਾ ਤੇ ਬੀਬੀ ਦਾ ਅਰਦਾਸਾ ਸੋਧਿਆ। (ਸਤਵੰਤ ਕੌਰ, ਪੰਨਾ 222)

❑❑❑

# ਰੂਹ ਸੁੱਤੀ ਟੁੰਬ ਜਗਾਂਦੇ ਹੈ

***ਐਸ.ਐਸ.ਚਰਨ ਸਿੰਘ ਸ਼ਹੀਦ***

ਜੋ ਵੀਰ ਨਾਨਕੀ ਬੇਬੇ ਦਾ, ਉਸ ਪਯਾਰੇ ਦੇ ਐ ਪਿਯਾਰੇ ਜੀ !
ਕਲਗੀਧਰ ਪ੍ਰੀਤਮ ਦੇ ਪ੍ਰੀਤਮ, ਗੁਰਮਤ ਦੇ ਨੂਰ-ਮੁਨਾਰੇ ਜੀ !

ਮਨ ਦੇ ਹੋ ਸ਼ਾਹ-ਸਵਾਰ ਤੁਸੀਂ, ਅਰਸ਼ਾਂ ਦੇ ਉੱਚ ਉਡਾਰ ਤੁਸੀਂ,
ਕੁਦਰਤ ਦੇ ਟੀਕਾਕਾਰ ਤੁਸੀਂ, ਪ੍ਰਭੂ ਰਹਿਮਤ ਦੇ ਭੰਡਾਰ ਤੁਸੀ !

ਬਣ ਮਾਲੀ ਜਲ ਛਿੜਕਾਂਦੇ ਹੋ, ਬੰਜਰਾਂ ਨੂੰ ਬਾਗ਼ ਬਣਾਂਦੇ ਹੋ,
ਜੇਹੇ ਸੂਖਮ ਨਾਦ ਵਜਾਂਦੇ ਹੋ, ਰੂਹ ਸੁੱਤੀ ਟੁੰਬ ਜਗਾਂਦੇ ਹੋ।

ਜਦ ਤਕ ਹੈ ਦੁਨੀਆਂ ਚਮਕੇਗਾ ਗੁਰਮਤ ਦਾ ਸੂਰਜ ਚੜ੍ਹ ਚੜ੍ਹ ਕੇ,
ਚਮਕਾਰੇ ਕਲਮ ਤੁਸਾਡੀ ਦੇ ਜਗ ਫ਼ਖ਼ਰ ਕਰੇਗਾ ਪੜ੍ਹ ਪੜ੍ਹ ਕੇ।

❑❑❑

# ਮਹਾਂਕਾਵਿ ਰਾਣਾ ਸੂਰਤ ਸਿੰਘ : ਨਾਰੀ ਬਿੰਬਾਂਕਨ

***ਡਾ. ਅੰਮ੍ਰਿਤਪਾਲ ਕੌਰ***

ਭਾਈ ਵੀਰ ਸਿੰਘ ਰਚਿਤ ਮਹਾਂਕਾਵਿ ਰਾਣਾ ਸੂਰਤ ਸਿੰਘ ਗੁਰਮਤਿ ਦੇ ਦਾਰਸ਼ਨਿਕ ਪਰਿਪੇਖ ਵਿਚ ਮਨੁੱਖ ਦੇ ਮੂਲ ਨਾਲੋਂ ਵਿਛੜਨ ਅਤੇ ਇਸ ਵਿਛੋੜੇ ਕਾਰਣ ਪੈਦਾ ਹੋਈ ਵੇਦਨਾ, ਸੰਵੇਦਨਾ, ਵਿਚਾਰ ਪ੍ਰਵਾਹ ਦਾ ਲੰਮਾ ਅਮਲ ਹੈ। ਇਸ ਮਹਾਂਕਾਵਿ ਦੀ ਮੁਖ ਨਾਇਕਾ ਰਾਣੀ ਰਾਜ ਕੌਰ ਦਾ ਆਪਣੇ ਪ੍ਰਾਣਪ੍ਰਿਯ ਰਾਣਾ ਸੂਰਤ ਸਿੰਘ ਦੇ ਵਿਛੜਣ, ਰਿਸ਼ਤਿਆਂ ਦਾ ਟੁਟਣਾ, ਜੁੜਨਾ, ਮੋਹ ਮਾਇਆ ਤੇ ਫੇਰ ਅਧਿਆਤਮਕ ਮਿਲਾਪ ਦੀ ਪ੍ਰਕ੍ਰਿਆ ਹੈ। ਮਨੁੱਖੀ ਜ਼ਿੰਦਗੀ ਨਾਲ ਜੁੜੇ ਮੂਲ ਪ੍ਰਸ਼ਨ, ਅਤੇ ਮਨੁੱਖੀ ਇਛਾਵਾਂ ਤ੍ਰਿਸ਼ਨਾਵਾਂ ਕਾਰਣ ਪੈਦਾ ਹੋਏ ਮਨ ਵਿਚਲੇ ਜਜ਼ਬਾਤ ਕਿਵੇਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤ੍ਰਿਸ਼ਨਾਵਾਂ ਲਾਲਸਾਵਾਂ ਦੇ ਵਸ ਹੋ ਕੁਹਰਾਮ ਮਚਾਉਂਦੇ ਹਨ ਤੇ ਫਿਰ ਇਸ ਦਾ ਸਾਰਾ ਦੁਖ ਮਨੁੱਖੀ ਦੇਹੀ ਨੂੰ ਭੁਗਤਣਾ ਪੈਂਦਾ ਹੈ। ਅੰਤਹਕਰਣ ਵਿਚ ਵੇਦਨਾ ਜਾਗ੍ਰਿਤ ਹੁੰਦੀ ਹੈ ਇਹੀ ਵੇਦਨਾ ਸੰਵੇਦਨਾ ਬਣ ਅਭਿਵਅਕਤ ਹੁੰਦੀ ਹੈ ਜਿਸ ਨੂੰ ਭਾਈ ਵੀਰ ਸਿੰਘ ਮਹਾਂਕਾਵਿ ਦੇ ਰੂਪ ਵਿਚ 35 ਸਰਗਾਂ ਵਿਚ ਕਾਵਿ ਅਭਿਵਿਅਕਤੀ ਦੁਆਰਾ ਰੂਪਮਾਨ ਕਰਦੇ ਹਨ। ਜਿਸ ਨੂੰ ਵੱਖ ਵੱਖ ਸਿਰਲੇਖਾਂ ਸਮਾਧ, ਬੁੱਤ, ਮਾਂਦਰੀ, ਪਲੰਘ, ਉਡਾਰੀ, ਦਰਸ਼ਨ, ਉਤਰਾਈ, ਮਗਨਤਾ, ਬਾਗ, ਪਾਤੀ, ਪਰੀ ਮਹਿਲ ਚੜ੍ਹਾਈ, ਪਰੀ ਮਹਿਲ ਪਰਿਵੇਸ਼, ਪਰੀ ਮਹਿਲ ਵਿਥਿਆ, ਪਰੀ ਮਹਿਲ ਸਤਿਕਾਰ, ਪਰੀ ਮਹਿਲ : ਪਹਿਲੜੀ ਰਾਤ, ਪਰੀ ਮਹਿਲ ਉਚੜ ਪੈਂਡੇ, ਪਰੀ ਮਹਿਲ : ਗੁੱਝੇ ਭੇਤ, ਮਾਤਾ ਵਿਰਲਾਪ, ਮਾਤਾ ਵਿਰਲਾਪ - ਮਿਲਾਪ ਦਰਬਾਰ, ਪਤੀ ਦੇ ਪੱਤ੍ਰ, ਟੋਟ, ਕੀਰਤਨ, ਝਿਲਮਿਲ ਚੱਕਰ, ਸਤਿਸੰਗ, ਸਤਿਸੰਗ ਦਰ, ਸਤਿਸੰਗ ਅੰਦਰ, ਸਤਿਸੰਗ ਕ੍ਰਾਂਤਿ ਦਰਸ਼ਨ, ਸਤਿਸੰਗ ਪ੍ਰਕਾਸ਼, ਸਤਿਸੰਗ ਅਰਦਾਸ, ਸਤਿਸੰਗ ਜੁਗਤ, ਸਤਿਸੰਗ ਸਾਧਨ, ਸਤਿਸੰਗ ਗੁਰਮੁਖ ਪਦ, ਸਤਿਸੰਗ ਸਰਬਤ ਦਾ ਭਲਾ, ਸਤਿਸੰਗ ਕਰਨੀ ਅਤੇ ਸ਼ੁਕਰ ਵਿਚ ਨਿਬਧ ਕੀਤਾ ਗਿਆ ਹੈ।

ਗੁਰਮਤਿ ਦਰਸ਼ਨ ਦੇ ਪਰਿਪੇਖ ਵਿਚ ਇਹ ਮਨਮੁਖ ਤੋਂ ਗੁਰਮੁਖ ਹੋਣ ਦੀ ਯਾਤਰਾ ਦਾ ਅਮਲ ਹੈ ਜਿਸ ਨੂੰ ਰਾਣੀ ਰਾਜ ਕੌਰ ਦੇ ਪ੍ਰਤੀਕ ਰਾਹੀਂ ਸਿਰਜਿਆ ਗਿਆ ਹੈ। ਨਿਰਸੰਦੇਹ ਇਸ ਮਹਾਂਕਾਵਿ ਦੇ ਅੰਤਰਗਤ ਭਾਈ ਵੀਰ ਸਿੰਘ ਗੁਰਮਤਿ ਦੇ ਦਾਰਸ਼ਨਿਕ ਸੰਕਲਪਾਂ ਜੀਵਾਤਮਾ, ਪਰਮਾਤਮਾ, ਮੁਕਤੀ, ਗੁਰੂ, ਗ੍ਰਿਹਸਥ ਜੀਵਨ, ਨੈਤਿਕ ਅਤੇ ਸਦਾਚਾਰਕ ਮਾਰਗ ਦੀ ਵਿਆਖਿਆ ਕਰਦੇ ਹਨ ਪਰ ਇਸ ਰਾਹੀਂ ਰਾਣੀ ਰਾਜ ਕੌਰ ਦਾ ਬਿੰਬਾਂਕਣ ਇਕ ਸ਼ਕਤੀ ਦੇ ਰੂਪ ਵਿਚ ਕੀਤਾ ਗਿਆ ਹੈ। ਨਾਰੀ ਇਕ ਸ਼ਕਤੀ ਹੈ, ਸ਼ਬਦ ਸ਼ਕਤੀ ਹੈ, ਅਭਿਵਿਅਕਤੀ ਸ਼ਕਤੀ ਹੈ ਇਹਨਾਂ ਤਿੰਨਾਂ ਦਾ ਸੁਮੇਲ ਮਹਾਂ ਸ਼ਕਤੀ ਵਿਚ ਪਰਿਵਰਤਿਤ ਹੋ ਜਾਂਦਾ ਹੈ। ਇਹ ਮਹਾਂਸ਼ਕਤੀ ਜਦੋਂ ਰਾਣੀ ਰਾਜ ਕੌਰ ਦੇ ਕਿਰਦਾਰ ਵਿਚ ਪ੍ਰਤੱਖ ਹੁੰਦੀ ਹੈ ਤਾਂ ਵੇਦਨਾ ਤੋਂ ਸੰਵੇਦਨਾ ਦੀ ਅਨੁਭੂਤੀ ਕਾਵਿ ਬੋਲਾਂ ਰਾਹੀਂ ਅਮਰ ਸ਼ਕਤੀ ਵਿਚ ਰੂਪਮਾਨ ਹੁੰਦੀ ਹੈ।

ਰਾਣੀ ਰਾਜ ਕੌਰ ਇਕ ਪਹਾੜੀ ਰਾਜੇ ਦੀ ਇਕਲੌਤੀ ਬੇਟੀ ਹੈ। ਰਾਜਾ ਉਸ ਦਾ ਵਿਆਹ ਸੰਤ ਸਿਪਾਹੀ ਰਾਣਾ ਸੂਰਤ ਸਿੰਘ ਨਾਲ ਕਰ ਦਿੰਦਾ ਹੈ ਜੋ ਮੁਗਲ ਫੌਜਾਂ ਦੇ ਵਿਰੁਧ ਲੜਦਾ ਹੋਇਆ ਮਾਰਿਆ ਜਾਂਦਾ ਹੈ। ਰਾਣੀ ਉਸ ਦੀ ਯਾਦ ਬਿਰਹਾ ਅਤੇ ਵਿਛੋੜੇ ਵਿਚ ਤੜਪਦੀ ਹੋਈ ਸੰਸਕਾਰਾਂ ਤੋਂ ਲੈ ਕੇ ਪਰੰਪਰਾ ਤਕ ਤੇ ਫਿਰ ਉਸ ਤੋਂ ਪਾਰ ਹੋ ਜਾਣ ਦੀ ਪ੍ਰਕ੍ਰਿਆ ਵਿਚ ਸੰਤਾਪ ਭੋਗਦੀ ਹੈ। ਰਾਣੀ ਰਾਜ ਕੌਰ ਦਾ ਹਰ ਰਾਹ ਬਿਖੜਾ ਹੈ। ਉਸ ਦੀ ਦਿਸ਼ਾ ਕੀ ਹੈ? ਅਗੇ ਰਸਤਾ ਹੈ ਜਾਂ ਭੰਬਲਭੂਸਾ ਇਸ ਤੋਂ ਉਹ ਬੇਪਰਵਾਹ ਹੈ ਉਹ ਅਣਦਿਸਦੇ ਦੀ ਤਲਾਸ਼ ਤੇ ਭਾਲ ਵਿਚ ਤੁਰਦੀ ਜਾਂਦੀ ਹੈ। ਉਸ ਦੇ ਕਦਮਾਂ ਵਿਚ ਸਾਹਸ ਹੈ ਅਤੇ ਉਹ ਸਾਹਸ ਅੰਤ ਤਕ ਸਜੀਵ ਰਹਿੰਦਾ ਹੈ। ਰਾਣੀ ਰਾਜ ਕੌਰ ਦਾ ਚਿਤਰਣ ਕਰਦਿਆਂ ਭਾਈ ਵੀਰ ਸਿੰਘ ਦਸਦੇ ਹਨ:

**ਗੰਦਲ ਕੁਆਰੀ ਵਾਂਙ ਪਤਲੀ ਡੀਲ ਦੀ**
**ਜੋਬਨ ਦਾ ਚੜ੍ਹਾਉ ਉਮਰ ਜੁਆਨ ਹੈ**
**ਚਿਹਰਾ ਚੰਦੋਂ ਵੱਧ ਵੱਧ ਮੁਹਿਰਾ ਮੋਹਿਣਾ**
**ਇਕੋ ਸਾਰ ਨੁਹਾਰ ਫਬਨਾਂ ਵਾਲੜੀ**
**ਵਾਰ ਚਿਹਰੇ ਦਾ ਰੰਗ ਪੀਲਾ ਭੂਕ ਹੈ**
**ਓਹ ਗੁਲਾਬੀ ਭਾਹ ਉਮਰੇ ਏਸ ਜੋ**
**ਚਿਹਰੇ ਤੇ ਚਮਕਾਰ ਦੇਂਦੀ ਸੋਹਿਣਾ**
**ਨਜ਼ਰ ਨ ਆਵੇ ਮੂਲ ਉੱਡੀ ਹੈ ਕਿਤੇ**
**ਜਾਂ ਚਿੰਤਾ ਹਥ ਆਇ ਖਾਧੀ ਹੈ ਗਈ**
**ਅੱਖਾਂ ਸੁੰਦਰ ਅੱਤ ਪਰ ਗਮ ਘੇਰੀਆ**
**ਰੋ ਰੋ ਹੋਈਆ ਸਾਫ ਥਲੇ ਲਥੀਆਂ**
**ਦੇਖੋ ਠੰਡੇ ਸਾਹ ਭਰਦੀ ਆਉਂਦੀ ਸ਼ੋਕ ਵਿਚ**
**ਗਲਤਾਨ ਸੁਰਤ ਨ ਹੋਰ ਹੈ।**

ਉਕਤ ਦੇ ਸੰਦਰਭ ਵਿਚ ਵੇਖੀਏ ਤਾਂ ਰਾਣੀ ਰਾਜ ਕੌਰ ਭਾਰਤੀ ਇਸਤਰੀ ਦਾ ਪ੍ਰਤੀਕ ਹੈ ਜੋ ਕਿ ਆਪਣੇ ਪਤੀ ਦੀ ਮੌਤ ਪਿਛੋਂ ਆਪਣੇ ਜੀਵਨ ਦੇ ਕੋਈ ਅਰਥ ਨਹੀਂ ਸਮਝਦੀ ਪਰ ਮੈਨੂੰ ਜਾਪਦਾ ਹੈ ਕਿ ਉਹ ਜ਼ਿੰਦਗੀ ਵਿਚ ਲਈਆਂ ਚਾਰ ਲਾਵਾਂ ਦੇ

---

***ਪ੍ਰੋਫੈਸਰ ਅਤੇ ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ।***

ਅਰਥ ਤਲਾਸ਼ਦੀ ਹੋਵੇ ਕਿਉਂਕਿ ਉਸ ਦੀ ਨਿਰਜਿੰਦ ਰੂਹ ਬੇਸਹਾਰਾ, ਕਮਜ਼ੋਰ, ਲਾਚਾਰ, ਨਿਤਾਣੀ ਔਰਤ ਦੀ ਰੂਹ ਨਹੀਂ ਹੈ, ਬਲਕਿ ਉਹ ਆਪਣੀ ਇਸ ਜੀਵਨ ਯਾਤਰਾ ਵਿਚ ਅਜੇਹੀ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ ਜੋ ਸਮੂਹ ਨਾਰੀ ਜਾਤ ਦੀ ਪ੍ਰਤਿਨਿਧਤਾ ਕਰਦੀ ਹੈ। ਗੁਰਬਾਣੀ ਅੰਤਰਨਿਹਤ ਚਾਰ ਲਾਵਾਂ ਦਾ ਵਰਨਣ ਆਉਂਦਾ ਹੈ ਜੋ ਗ੍ਰਹਿਸਥ ਜੀਵਨ ਦਾ ਅਧਾਰ ਹੈ:

**ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥**
**ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ ॥**
**ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ ॥**
**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ ॥**

ਪਹਿਲੀ ਲਾਂਵ ਨਵੇਂ ਮਾਰਗ ਤੇ ਪੈਣਾ ਤੇ ਪਰਿਵਰਤਨ ਵਿਚੋਂ ਗੁਜ਼ਰਨਾ ਹੈ। ਪ੍ਰਵਿਰਤੀ ਕਰਮ ਤੋਂ ਭਾਵ ਜੀਵ ਇਸਤਰੀ ਅੰਦਰ ਭਿੰਨ ਭਿੰਨ ਵਿਚਾਰਾਂ, ਇਛਾਵਾਂ ਆਦਿ ਬਿਰਤੀਆਂ ਦਾ ਉਦੈ ਹੋਣਾ ਹੈ ਜੋ ਗ੍ਰਹਿਸਥ ਜੀਵਨ ਦਾ ਅਧਾਰ ਹੈ। ਇਸ ਮਾਰਗ ਦੀ ਵਿਆਕੁਲਤਾ ਪਹਿਲਾਂ ਦਸ ਸਰਗਾਂ ਵਿਚ ਵਿਖਾਈ ਗਈ ਹੈ। ਰਾਣੀ ਰਾਜ ਕੌਰ ਇਸ ਦੇ ਵਸ ਹੋ ਪਤੀ ਦੀ ਸਮਾਧ ਤੇ ਸਜਿਹੇ ਸਹਿਜੇ ਆਉਂਦੀ ਕਿ ਕਿਧਰੇ ਉਸ ਦੇ ਚਲਣ ਨਾਲ ਉਸ ਦੇ ਸੁੱਤੇ ਮਾਹੀ ਦੀ ਅੱਖ ਨਾ ਖੁਲ ਜਾਵੇ ਤੇ ਫੇਰ ਉਹ ਫੁਟ ਫੁਟ ਕੇ ਰੋਣ ਲਗਦੀ ਹੈ। ਕੁਝ ਫੁੱਲ ਲੈ ਕੇ ਸਿਹਰੇ ਬਣਾਉਂਦੀ ਹੈ ਤੇ ਇਕ ਗੁਰਵਾਕ ਲਿਖਦੀ ਹੈ:

**ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥**
**ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥**

ਆਪਣੇ ਪਤੀ ਬਾਰੇ ਸੋਚਦਿਆਂ ਬੇਹੋਸ਼ ਹੋ ਜਾਂਦੀ ਹੈ, ਉਸ ਨੂੰ ਦੰਦਲ ਪੈ ਜਾਂਦੀ ਹੈ ਤੇ ਫੇਰ ਸਖੀ ਉਸ ਦੀ ਦੰਦਲ ਖੋਲਦੀ ਤੇ ਫੇਰ ਰੋਣ ਲਗ ਜਾਂਦੀ ਹੈ। ਇਹ ਉਸਦਾ ਪਹਿਲਾ ਪੜਾਅ ਹੈ ਜਿਥੇ ਉਹ ਆਪਣੀ ਪੀੜਾ ਦੇ ਵਸ ਹੋ ਵੇਦਨਾ ਵਿਚੋਂ ਗੁਜ਼ਰਦੀ ਹੈ ਅਤੇ ਫਿਰ ਇਹੀ ਵੇਦਨਾ ਸੰਵੇਦਨਾ ਬਣ ਉਸ ਦੀ ਰੂਹ ਨੂੰ ਬੁੱਤ, ਮਾਂਦਰੀ ਪਲੰਗ ਅਤੇ ਉਡਾਰੀ ਆਦਿ ਸਰਗਾਂ ਵਿਚ ਉਸ ਦੀ ਆਪਣੇ ਮੂਲ ਨਾਲੋਂ ਟੁਟ ਕੇ ਆਪ ਦੀ ਸਵੈ ਪਹਿਚਾਣ (Self Realization) ਦੀ ਸੋਝੀ ਕਰਵਾਉਂਦੀ ਹੈ। ਮਨ ਤੂੰ ਜੋਤਿ ਸਰੂਪ ਹੈ, ਆਪਣਾ ਮੂਲ ਪਛਾਣ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਕਥਨ ਰਾਣੀ ਰਾਜ ਕੌਰ ਦੇ ਪ੍ਰਥਾਇ ਉਵੇਂ ਹੀ ਸਿਧ ਹੈ ਜਿਥੇ ਉਸ ਨੂੰ ਆਪਣੇ ਮੂਲ ਰਾਹੀਂ ਜੁੜਨ ਤਕ ਦੇ ਕੁਦਰਤੀ ਅਮਲ ਵਲ ਤੋਰਦਾ ਹੈ। ਇਹ ਅਹਿਸਾਸ ਮੰਜ਼ਿਲ ਵਲ ਤੁਰਨ ਦਾ ਹੈ। ਇਸੇ ਅਹਿਸਾਸ ਵਿਚ ਡੁਬੀ ਰਾਜ ਕੌਰ ਦੀਨ ਦੁਨੀਆਂ ਦੀ ਪਰਵਾਹ ਕੀਤੇ ਬਿਨਾਂ ਮਾਨਸਿਕ ਸੰਤਾਪ ਹੰਢਾਉਂਦੀ ਪਤੀ ਨੂੰ ਢੂੰਢਦੀ ਫਿਰਦੀ ਹੈ। ਗਿਆਰਵੇ ਤੋਂ ਚੌਵੀਵੇਂ ਸਰਗ ਤਕ ਰਾਣੀ ਪ੍ਰਾਪਤੀ ਦੇ ਮਾਰਗ ਦੇ ਸੰਘਰਸ਼ ਕਰਦੀ ਦੇਖੀ ਜਾ ਸਕਦੀ ਹੈ। ਉਸਦੀ ਸਵੈ ਸੋਝੀ ਉਸ ਨੂੰ ਸੁੱਤੇ ਸਿਧ ਪ੍ਰਕਾਸ਼ ਤਕ ਪਹੁੰਚਾ ਦਿੰਦੀ ਹੈ ਜਿਥੇ ਉਸ ਨੂੰ ਜਾਗਰਣ (Self illumination) ਦਾ ਅਹਿਸਾਸ ਹੁੰਦਾ ਹੈ।

ਓ ਵਸਣ ਸੱਚ ਖੰਡ ਵਿਚ ਸਰੂਪ ਦੇ ਕਹਿੰਦੇ ਜਿਸ ਨਿਰਬਾਣ ਪਦ ਨਿਰੰਕਾਰ ਦਾ ਸਾਰੇ ਜਿਸ ਦਾ ਥਾਉਂ ਕੇਂਦਰ ਜਗਤ ਦਾ ਹੈ ਉਹ ਥਾਉਂ ਅਥਾਉਂ ਪਰ ਸਭ ਥਾਉਂ ਹੈ।

ਰਾਣੀ ਰਾਜ ਕੌਰ ਨੂੰ ਜਾਗਰਣ ਦੀ ਇਸ ਅਵਸਥਾ ਵਿਚ ਇਲਹਾਮ ਹੁੰਦਾ ਹੈ। ਇਹ ਇਲਹਾਮ ਰੋਮ ਰੋਮ ਵਿਚ ਉਸ ਪਿਆਰੇ ਪ੍ਰਤੀ ਨੇਹੁ ਦਾ ਵੀ ਹੈ ਜੋ ਉਸ ਨੂੰ ਜ਼ਰੇ ਜ਼ਰੇ ਵਿਚ ਦਿਲ ਦੀ ਹਰ ਧੜਕਣ ਵਿਚ ਮਹਿਸੂਸ ਹੁੰਦਾ ਹੈ। ਇਹ ਕੁਦਰਤ ਦੇ ਉਸ ਅਨਹਦ ਨਾਦ ਨੂੰ ਸੁਨਣ ਵਾਂਗ ਹੈ ਜਿਥੇ ਜ਼ਿੰਦਗੀ ਜਿਉਣ ਦਾ ਚਾਅ ਹੈ ਅਤੇ ਮੌਤ ਦਾ ਡਰ ਅਲੋਪ ਹੋ ਜਾਂਦਾ ਹੈ। ਜਿਥੇ ਮਨ ਸਾਰੀਆਂ ਇਛਾਵਾਂ ਲਾਲਸਾਵਾਂ ਤੋਂ ਨਿਜਾਤ ਪਾ ਲੈਂਦਾ ਹੈ ਤੇ ਫਿਰ ਆਪੇ ਦੀ ਸੋਝੀ ਦੀ ਅਨੁਭੂਤੀ ਹੁੰਦੀ ਹੈ।

**ਮੈਂ ਆਪਣੇ ਨਾਲ ਹੀ ਕੀਤਾ ਪਿਆਰ ਹੈ**
**ਜੋ ਕੀਤਾ ਮੈਂ ਨਾਲ ਤੇਰੇ ਪਿਆਰ ਹੈ**
**ਸਭ ਕੋਈ ਇਸ ਰੰਗ ਪਿਆਰੇ ਆਪ ਨੂੰ**
**ਪਿਆਰਨ ਦੁਏ ਜੋਗ ਪਿਆਰਨ ਆਪ ਨੂੰ।**

ਉਕਤ ਸਥਿਤੀ ਪਚਵੀਂ ਤੋਂ ਪੈਂਤੀਵੇਂ ਸਰਗ ਤਕ ਰਾਣੀ ਦੀ ਪ੍ਰਾਪਤੀ ਦੀ ਆਸ਼ਾ ਦੇ ਵਿਸਤਾਰ ਵਜੋਂ ਵੇਖੀ ਜਾ ਸਕਦੀ ਹੈ। ਜਿਥੇ ਰਾਣੀ ਰਾਜ ਕੌਰ ਸਮਾਧੀ ਵਿਚ ਲੀਨ ਹੈ, ਇਥੇ ਸਮਾਧੀ ਵਿਚ ਦੇਹੀ ਦੇ ਦੁਖਾਂ ਦੀ ਨਵਿਰਤੀ ਹੈ, ਮਨ ਵਿਚ ਟਿਕਾਉ ਹੈ ਸਰਸ਼ਾਰ ਰੂਹ ਦਾ ਉਚੇ ਮੰਡਲਾਂ ਵਿਚ ਉਡਣਾ ਹੈ ਅਤੇ ਇਸ ਦੇ ਇਲਹਾਮ ਵਜੋਂ ਉਹ ਆਪਣੇ ਰੂਹਾਨੀ ਸਫ਼ਰ ਨੂੰ ਆਪਣੀ ਮਾਤਾ ਨਾਲ ਸਾਂਝਿਆਂ ਕਰਦੀ ਹੈ ਪਰ ਜ਼ਿੰਦਗੀ ਦੀ ਧਰਾਤਲ ਤੇ ਉਹ ਸੁਚੇਤ ਰੂਪ ਵਿਚ ਵਿਚਰਦੀ ਵਿਖਾਈ ਵੀ ਦਿੰਦੀ ਹੈ। ਉਸ ਦੀ ਦਾਸੀ ਜਦੋਂ ਰਾਇ ਕਹਿਲੂਰ ਦੀ ਚਿਠੀ ਸੁਣਾਂਦੀ ਹੈ ਤਾਂ ਚਿਠੀ ਸੁਣਦਿਆਂ ਸਾਰ ਭਾਂਪ ਜਾਂਦੀ ਹੈ ਕਿ ਇਹ ਚਿਠੀ ਉਸਦੇ ਪਤੀ ਦੀ ਨਹੀਂ ਹੋ ਸਕਦੀ ਕਿਉਂਕਿ ਉਸਦੇ ਪਤੀ ਦੀ ਸ਼ਖਸੀਅਤ ਅਤੇ ਵਿਚਾਰਧਾਰਾ ਦੇ ਤਰਾਜੂ ਤੇ ਤੋਲਿਆਂ ਉਹ ਉਸ ਨੂੰ ਅਪ੍ਰਮਾਣਿਕ ਸਿਧ ਕਰ ਦਿੰਦੀ ਹੈ। ਇਸ ਦੇ ਨਾਲ ਹੀ ਉਸ ਨੂੰ ਆਪਣੀ ਰਿਆਸਤ ਦਾ ਫਿਕਰ ਤੇ ਰਾਜੇ ਕਹਿਲੂਰ ਦੀ ਹਿਰਸ ਦਾ ਅਹਿਸਾਸ ਵੀ ਹੋ ਜਾਂਦਾ ਹੈ। ਆਪਣੀ ਮਾਤਾ ਨੂੰ ਸਮਝਾਂਦੇ ਹੋਏ ਰਾਜ ਕੌਰ ਕਹਿੰਦੀ ਹੈ:

**ਧਰਮੀ ਚਖਣ ਮੌਤ ਜੀਉਂਦੇ ਜਾਗਦੇ**
**ਜੀਉਂਦੇ ਮਰ ਕੇ ਫੇਰ ਜੀਵਨ ਪਾਂਵਦੇ**
**ਇਹ ਨਿਸਚਾ ਹੀ ਮਾਉ ਮੈਂ ਸਿਰਤਾਜ ਦਾ।**

ਉਕਤ ਦੇ ਸੰਦਰਭ ਵਿਚ ਵੇਖੀਏ ਤਾਂ ਭਾਈ ਵੀਰ ਸਿੰਘ ਨਾਰੀ ਦੀ ਦ੍ਰਿਸ਼ਟੀ ਨੂੰ ਸੁਚੇਤ ਪਧਰ ਤੇ ਸਿਰਜਦੇ ਜਾਪਦੇ ਹਨ। ਜਿਥੇ ਨਾਰੀ ਅਹਿਸਾਸਾਂ ਜਜ਼ਬਾਤਾਂ ਦੇ ਨਾਲ ਨਾਲ ਬੁਧੀ ਤੇ ਬਿਬੇਕ ਦਾ ਪ੍ਰਤੀਕ ਹੈ ਨਾਰੀ ਦੀ ਵਿਵੇਕਸ਼ੀਲਤਾ ਉਸ ਨੂੰ ਉਸਦੇ ਫਰਜ਼ ਪ੍ਰਤੀ ਸੁਚੇਤ ਕਰਦੀ ਹੈ ਜਿਸ ਦਾ ਅਗਲਾ ਪੜਾਅ ਉਹ ਹੈ ਜਿਥੇ ਰਾਣੀ

ਰਾਜ ਕੌਰ ਆਪਣੇ ਰਾਜਸੀ ਫਰਜ਼ਾਂ ਨੂੰ ਪੂਰੀ ਸਿਦਕ ਨਾਲ ਪੂਰਿਆਂ ਕਰਦੀ ਹੈ। ਇਸਦੇ ਨਾਲ ਹੀ ਪਰੀ ਮਹਲ ਵਿਚ ਮੌਜੂਦ ਕਲਾ ਨਮੂਨਿਆਂ ਨੂੰ ਵੇਖਣ ਸਾਰ ਐਲਾਨ ਕਰਦੀ ਹੈ ਕਿ ਇਹ ਸਥਾਨ ਕਿਸੇ ਭੂਤ ਪ੍ਰੇਤ ਨਾਲ ਸੰਬੰਧਿਤ ਨਹੀਂ ਬਲਕਿ ਉਚਤਮ ਕਲਾਕ੍ਰਿਤੀ ਦੀ ਸੁਹਜਾਤਮਕਤਾ ਦਾ ਲਖਾਇਕ ਹੈ। ਆਪਣੇ ਪਤੀ ਦੀਆਂ ਲਿਖਤਾਂ ਤੋਂ ਉਹ ਧਰਮ ਫਲਸਫੇ ਅਤੇ ਨੈਤਿਕਤਾ ਪ੍ਰਤੀ ਸੁਚੇਤ ਹੋ ਜਾਂਦੀ ਹੈ ਅਤੇ ਫਰਜ਼ਾਂ ਨੂੰ ਬਾਖੂਬੀ ਸਮਝਦੀ ਹੋਈ ਰਾਜ ਕਾਜ ਦੇ ਫਰਜ਼ਾਂ ਪ੍ਰਤੀ ਅਗ੍ਰਸ਼ੀਲ ਹੁੰਦੀ ਹੈ। ਇਹ ਉਹ ਅਵਸਥਾ ਹੈ ਜਿਥੇ ਜ਼ਿੰਦਗੀ ਜਿਊਣ ਦਾ ਚਾਅ ਉਸ ਦੇ ਅੰਦਰ ਪੈਦਾ ਹੁੰਦਾ ਹੈ। ਆਪਣੇ ਪਤੀ ਦੇ ਰੋਮ ਰੋਮ ਵਿਚ ਹੋਣ, ਦੇ ਅਹਿਸਾਸ ਦੀ ਸ਼ਿਦਤ ਏਨੀ ਤੀਖਣ ਹੈ ਕਿ ਉਸ ਨੂੰ ਬਾਹਰਲੇ ਝਖੜ ਤੂਫਾਨ ਦਾ ਅਹਿਸਾਸ ਨਹੀਂ ਉਹ ਤਾਂ ਹਰ ਪਲ ਉਸ ਰੂਹਾਨੀ ਚਾਨਣ ਦੀ ਪ੍ਰਾਪਤੀ ਨੂੰ ਪਾਉਣਾ ਚਾਹੁੰਦੀ ਹੈ। ਇਸ ਲਈ ਸਤਿਸੰਗ, ਪਿਆਰ, ਸਨੇਹ, ਸੇਵਾ, ਕੀਰਤਨ ਸੰਗਤ ਵਿਚੋਂ ਰਾਹ ਤਲਾਸ਼ਦੀ ਹੈ। ਉਸ ਦੀ ਤਲਾਸ਼ ਪੂਰਨ ਵੀ ਹੁੰਦੀ ਹੈ ਜਦੋਂ ਭਾਈ ਵੀਰ ਸਿੰਘ ਇਸ ਸਥਿਤੀ ਨੂੰ ਇੰਝ ਬਿਆਨਦੇ ਹਨ:

**ਮੈਂ ਤੂੰ ਦੋਵੇਂ ਪ੍ਰੇਮ ਪ੍ਰੇਮ ਚ ਇਕ ਹਾਂ**
**ਤੂੰ ਆਨੰਦ ਆਨੰਦ ਮੈਂ ਆਨੰਦ ਹਾਂ**
**ਹੈ ਆਨੰਦ ਆਨੰਦ 'ਮੈਂ' 'ਤੂੰ' ਹੈ ਨਹੀਂ।**

ਇਹ ਪ੍ਰਕ੍ਰਿਆ ਕੁਦਰਤ ਨਾਲ ਸ੍ਰਿਸ਼ਟੀ ਨਾਲ ਇਕਮਿਕ ਹੋਣ ਦਾ ਸੰਕੇਤ ਦਿੰਦੀ ਹੋਈ ਸ਼ੁਕਰਾਨੇ ਤੇ ਆ ਕੇ ਖਤਮ ਹੁੰਦੀ ਹੈ ਕਿਉਂਕਿ ਏਥੇ ਭਾਈ ਵੀਰ ਸਿੰਘ ਨਾਰੀ ਦਾ ਜਿਹੜਾ ਬਿੰਬ ਸਿਰਜ ਰਹੇ ਨੇ ਉਹ ਹੈ ਅੰਤਰਧਿਆਨ ਹੋ ਕੇ ਸਵੈ ਦੀ ਖੋਜ, ਆਪੇ ਦੀ ਪਹਿਚਾਣ, ਆਪਣੇ ਅੰਦਰਲੇ ਸਤਿ ਨਾਲ ਲੀਨ ਹੋਣਾ, ਆਪਣੇ ਆਪ ਨਾਲ ਸੰਵਾਦ ਰਚਾਉਣਾ ਅਤੇ ਆਪਣੀ ਹੀ ਬੁੱਕਲ ਵਿਚ ਬੈਠ ਗ਼ੁਫਤਗੂ ਕਰਨੀ। ਮਹਾਂਕਾਵਿ ਦੀ ਨਾਇਕਾ ਪਰੰਪਰਾਵਾਂ ਸੰਸਕਾਰਾਂ ਧਾਰਨਾਵਾਂ ਨੂੰ ਉਲੰਘ ਕੇ ਆਪਣੀ ਦਿਬਦ੍ਰਿਸ਼ਟੀ ਰਾਹੀਂ ਆਪਣੀ ਰੂਹਾਨੀਅਤ ਰਾਹੀਂ ਜ਼ਿੰਦਗੀ ਨੂੰ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਆਪਣੀ ਸ਼ਖਸੀਅਤ ਰਾਹੀਂ ਹੀ ਉਹ ਮਹਾਂਕਾਵਿ ਦੇ ਨਾਇਕ ਰਾਣਾ ਸੂਰਤ ਸਿੰਘ ਨੂੰ ਸਾਖਸ਼ਤ ਕਰਵਾ ਦਿੰਦੀ ਹੈ। ਉਹ ਹਰ ਰੋਜ਼ ਸੰਗਤ ਵਿਚ ਆਉਂਦੀ ਹੈ ਤੇ ਰਾਜਪ੍ਰਬੰਧ ਦਾ ਕੰਮ ਸੇਵਾ ਜਾਣ ਕਰਨ ਲਗਦੀ ਹੈ ਪਰ ਉਸ ਦੀ ਲਿਵ ਉਸ ਪਿਆਰੇ ਸੰਗ ਜੁੜੀ ਹੋਈ ਹੈ। ਅਧਿਆਤਮਕਤਾ ਅਤੇ ਰੂਹਾਨੀਅਤ ਦੇ ਇਸ ਸਫ਼ਰ ਵਿਚ ਉਸ ਦੀ ਸਥਿਤੀ 'ਗੁਰਮੁਖ' ਪਦ ਮੋਖ ਨੂੰ ਪ੍ਰਾਪਤ ਹੋ ਜਾਂਦੀ ਹੈ।

**ਰੰਗ ਰਤੀ ਹੁਣ ਰੰਗ ਵਿਚ ਓ ਵੱਸਦੀ**
**ਸਹਜ ਜੋਗ ਸੰਜੋਗ ਉਸ ਨੇ ਪਾ ਲਿਆ**
**ਗੁਰਮੁਖ ਪਦਵੀ ਪਾਇ ਭਾਗ ਸੁਲਖਣੀ**
**ਗੁਰਮੁਖ ਕਰਦੀ ਕਾਰ ਪੂਰੀ ਹੋ ਗਈ।**

ਉਕਤ ਦੇ ਸੰਦਰਭ ਵਿਚ ਵੇਖੀਏ ਤਾਂ ਭਾਈ ਵੀਰ ਸਿੰਘ ਨਾਰੀ ਦੇ ਸ਼ਕਤੀਸ਼ਾਲੀ ਰੂਪ ਦੀ ਸਿਰਜਨਾ ਕਰਦੇ ਹਨ। ਉਹ ਕੇਵਲ ਗੁਰਮਤਿ ਦੇ ਵਿਆਖਿਆਕਾਰ ਵਜੋਂ ਹੀ ਦ੍ਰਿਸ਼ਟਮਾਨ ਨਹੀਂ ਹੁੰਦੇ ਬਲਕਿ ਗੁਰੂ ਸਾਹਿਬਾਨ ਨੇ ਨਾਰੀ ਦਾ ਜਿਹੜਾ ਗੌਰਵ ਸਤਿਕਾਰ ਸਮਾਜ ਵਿਚ ਬਹਾਲ ਕੀਤਾ ਉਸੇ ਪਰੰਪਰਾ ਨੂੰ ਅਗੇ ਤੋਰਦਿਆਂ ਭਾਈ ਵੀਰ ਸਿੰਘ ਨਾਰੀ ਦੀ ਸ਼ਖਸੀਅਤ ਦੀ ਨਿਸ਼ਾਨਦੇਹੀ ਕਰਦੇ ਹਨ। ਇਸ ਮਹਾਂਕਾਵਿ ਰਾਹੀਂ ਉਹ ਆਪਣੀ ਨਾਇਕਾ ਦੇ ਪ੍ਰਤੀਕਾਤਮਕ ਬਿੰਬ ਰਾਹੀਂ ਵੇਦਨਾ ਤੋਂ ਸੰਵੇਦਨਾ ਦੀ ਅਭਿਵਿਅਕਤੀ ਨੂੰ ਸਿਖਰ ਵਲ ਜਾਂਦੇ ਹੋਏ ਮਨੁੱਖੀ ਸੰਘਰਸ਼ ਨੂੰ ਦਾਰਸ਼ਨਿਕ ਪਰਿਪੇਖ ਵਿਚ ਸਮੂਰਤ ਕਰ ਦਿੰਦੇ ਹਨ।

## ਮਾਲੀ

*ਮਹਾਂ ਸਿੰਘ ਗਿਆਨੀ*

ਅਰਸ਼ਾਂ ਤੋਂ ਇਕ ਮਾਲੀ ਉਤਰਯਾ ਮਾਂ ਪੰਜਾਬੀ ਵਿਹੜੇ ਆ,
ਸੁੱਕੇ ਤੇ ਵੀਰਾਨੇ ਇਸ ਦੇ ਬਾਗ਼ 'ਚ ਦਿੱਤੇ ਡੇਰੇ ਲਾ।
ਥਾਂ ਥਾਂ ਕਯਾਰੇ ਨਵੇਂ ਬਣਾਏ, ਵਿੱਚ ਫੁਹਾਰੇ ਦਏ ਚਲਾ,
ਰੰਗੋ ਰੰਗੀ ਫੁਲ ਖਿੜਾਏ, ਬੂਟੇ ਨਵੇਂ ਅਨੋਖੇ ਲਾ।

ਫੁਲ ਫਲਾਂ ਦੇ ਨਾਲ ਸਜਾ ਕੇ, ਵਾੜੀਆਂ ਦੇ ਵਿਚ ਮਹਿਕ ਮਚਾ,
ਮਾਂ ਪੰਜਾਬੀ ਦਾ ਉਪਬਨ ਏ ਮਹਿਕਾਯਾ ਬਹੁ ਖੇੜ ਖਿੜਾ।

ਘਾਲ ਇਕੱਲੇ ਇਸ ਸੁਹਣੇ ਦੀ, ਦਿੱਤੇ ਜਿਸਨੇ ਭਾਗ ਜਗਾ,
ਮਾਂ ਪੰਜਾਬੀ ਇਸ ਤੋਂ ਸਦਕੇ, ਜਿਸ ਨੇ ਦਿੱਤਾ ਤਖਤ ਬਿਠਾ।

## ਸਤਿਕਾਰ

*ਅੰਮ੍ਰਿਤਾ ਪ੍ਰੀਤਮ*

ਕਲਾ ਨਿਪੁੰਨ ਹੇ ਕਲਾਕਾਰ !
ਕੁਦਰਤ ਦੇ ਸ਼ਾਹਕਾਰ !
ਕਲਮ ਤੇਰੀ ਨੇ ਜਾਦੂ ਦਿੱਤੇ !
ਅਖਰਾਂ ਵਿੱਚ ਉਤਾਰ।

ਅਜ ਸਾਹਿਤਯ ਨੂੰ ਤੇਰੀ ਛੁਹ' ਦਾ
ਭੁਲਦਾ ਨਹੀਂ ਸ਼ੁਕਰਾਨਾ,
ਹੱਥਾਂ ਵਿੱਚ ਤੇਰੀਆਂ ਦਾਤਾਂ,
ਅੱਖਾਂ ਵਿੱਚ ਸਤਿਕਾਰ।

# ਸਿੱਖ ਮਰਿਆਦਾ ਦੀ ਪ੍ਰਤੀਕ: ਭਾਈ ਵੀਰ ਸਿੰਘ ਦੀ ਸੁੰਦਰੀ

*ਡਾ.ਸੁਖਬੀਰ ਕੌਰ ਮਾਹਲ**

ਭਾਈ ਵੀਰ ਸਿੰਘ ਦੇ ਨਾਵਲ ਵਿਸ਼ੇਸ਼ ਮਨੋਰਥ ਹਿਤ ਰਚੀਆਂ ਗਈਆਂ ਐਸੀਆਂ ਰਚਨਾਵਾਂ ਹਨ ਜੋ ਸਿੱਖ ਰਾਜ ਦੀ ਅਧੋਗਤੀ ਦਾ ਇਤਿਹਾਸ ਵੀ ਸਿਰਜਦੀਆਂ ਹਨ ਤੇ ਸਿੱਖਾਂ ਦੇ ਗੌਰਵਸ਼ਾਲੀ ਵਿਰਸੇ ਦੀ ਪੁਨਰ ਸਥਾਪਤੀ ਲਈ ਵੀ ਪ੍ਰਯਤਨਸ਼ੀਲ ਹਨ। ਸਿੱਖੀ ਅਸੂਲਾਂ, ਰਹਿਤ ਮਰਯਾਦਾ ਤੇ ਆਰਦਸ਼ ਸਿੱਖ ਪਾਤਰਾਂ ਨੂੰ ਗਿਰਾਵਟ ਵੱਲ ਜਾਣ ਤੋਂ ਰੋਕਣ ਤੇ ਫਿਰ ਤੋਂ ਪਹਿਲਾਂ ਵਰਗੇ ਸਿੱਖ ਬਣਾਉਣ ਦੇ ਆਸ਼ੇ ਤਹਿਤ ਨਾਵਲਕਾਰ ਐਸੀਆਂ ਅਦੁੱਤੀ ਘਾੜਤਾਂ ਘੜਦਾ ਹੈ ਜੋ ਵਾਸਤਵਿਕਤਾ ਤੋਂ ਦੂਰ ਹੋਣ ਦੇ ਬਾਵਜੂਦ ਬੇਹੱਦ ਲੋਕਪ੍ਰਿਅ ਹੁੰਦੀਆਂ ਹਨ। ਵਿਸ਼ੇਸ਼ ਕਰਕੇ ਉਸਦਾ 1898 ਈ. ਵਿਚ ਪਹਿਲੀ ਵਾਰ ਛਪਣ ਵਾਲਾ ਨਾਵਲ ਸੁੰਦਰੀ ਲੱਖਾਂ ਦੀ ਗਿਣਤੀ ਵਿਚ ਪ੍ਰਕਾਸ਼ਿਤ ਹੁੰਦਾ ਹੈ। ਜਿਸ ਐਡੀਸ਼ਨ ਵਿਚੋਂ ਅਸੀਂ ਹਵਾਲੇ ਵਰਤਾਂਗੇ ਇਹ ਤੇਤੀਹਵੀਂ ਛਾਪ ਹੈ ਜੋ ਮਈ 1969 ਵਿਚ ਪ੍ਰਕਾਸ਼ਿਤ ਹੁੰਦੀ ਹੈ ਤੇ ਇਸ ਸਮੇਂ ਤੱਕ ਇਸ ਦੀ 'ਗਿਣਤੀ ਇਕ ਲੱਖ ਤੋਂ ਉਪਰ' ਹੋ ਚੁਕੀ ਸੀ। ਇਸਦੀ ਅੰਤਕਾ-1 ਵਿਚ ਦਰਜ ਹੈ ਕਿ 'ਇਸ ਨਿੱਕੀ ਜਿਹੀ ਪੋਥੀ ਨੇ ਕੌਮੀ ਜੀਵਨ ਦਾ ਪਿਆਰ, ਸਿੱਖੀ ਦਾ ਚਾਉ ਤੇ ਧਰਮ ਭਾਵ ਕੌਮ ਵਿਚ ਬਹੁਤ ਪੈਦਾ' ਕੀਤਾ ਤੇ 'ਪੰਥ ਦੀ ਜਾਗ੍ਰਤ ਵਿਚ ਇਸਦਾ ਬਹੁਤ ਸਾਰਾ ਹਿੱਸਾ ਹੈ। ਥੋੜੇ ਸਮੇਂ ਵਿਚ ਹੀ ਇਹ ਤਕਰੀਬਨ ਸਾਰੇ ਸਿੱਖ ਆਸ਼੍ਰਮਾਂ ਵਿਚ ਪੜ੍ਹਾਈ ਜਾਣ ਲੱਗ ਪਈ ਤੇ ਇਮਤਿਹਾਨ ਦਾ ਕੋਰਸ ਬਣ ਗਈ'।

ਸੁੰਦਰੀ ਸਿਰਲੇਖ ਐਸੀ ਨਮੂਨਾ ਰੂਪ ਇਸਤ੍ਰੀ ਦੇ ਚਰਿਤ੍ਰ ਦੇ ਆਧਾਰ ਤੇ ਰਖਿਆ ਗਿਆ ਪ੍ਰਤੀਤ ਹੁੰਦਾ ਹੈ, ਜੋ ਬਾਹਰੀ ਸੁੰਦਰਤਾ ਦੇ ਨਾਲ ਨਾਲ ਆਪਣੇ ਆਚਰਣ, ਆਪਣੇ ਸ਼ੀਲ ਧਰਮ ਤੇ ਆਪਣੇ ਅਕੀਦੇ ਵਿਚ ਦ੍ਰਿੜ੍ਹ ਰਹਿਣ ਦੀ ਸੁੰਦਰਤਾ ਦੀ ਵੀ ਮਾਲਕ ਹੈ। ਉਹ ਐਸੀ ਆਦਰਸ਼ ਪਾਤਰ ਹੈ, ਜਿਸਦੀ ਕਲਪਨਾ ਹਰ ਯੁੱਗ ਵਿਚ ਇਸਤ੍ਰੀ ਬਾਰੇ ਕੀਤੀ ਜਾਂਦੀ ਰਹੀ ਹੈ। ਉਹ ਸੁਘੜ, ਸੁਸ਼ੀਲ, ਆਪਣੇ ਸਿਰੜ ਵਿਚ ਪੱਕੀ, ਧਰਮ ਵਿਚ ਦ੍ਰਿੜ੍ਹ ਤੇ ਉੱਚ ਆਚਰਣ ਦੀ ਧਾਰਣੀ ਹੈ। ਭਾਈ ਵੀਰ ਸਿੰਘ ਸਮਾਜ ਵਿਚ ਐਸੀ ਹੀ ਨਮੂਨੇ ਦੀ ਇਸਤ੍ਰੀ ਦੀ ਕਾਮਨਾ ਕਰਦਾ ਹੈ ਤੇ ਆਪਣੀਆਂ ਕਿਰਤਾਂ ਰਾਹੀਂ ਇਹ ਨਮੂਨਾ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਸੁੰਦਰੀ ਦੀ ਰਚਨਾ ਤੋਂ ਪਹਿਲਾਂ ਦਾ ਸਮਾਂ ਔਰਤ ਦੀ ਸਥਿਤੀ ਵਿਚ ਪੈਦਾ ਹੋਏ ਤਕੜੇ ਨਿਘਾਰ ਦਾ ਸਮਾਂ ਸੀ। ਕਿਸੇ ਵੀ ਔਰਤ ਜਾਂ ਲੜਕੀ ਨੂੰ ਮੁਗਲਾਂ ਦੁਆਰਾ ਚੁੱਕ ਲੈ ਜਾਣਾ ਆਮ ਗੱਲ ਸੀ ਤੇ ਉਸ ਤੋਂ ਵੀ ਬੁਰੀ ਗੱਲ ਸੀ ਕਿ ਐਸੀ ਔਰਤ ਨੂੰ ਬਚਾ ਸਕਣ ਦਾ ਨਾ ਤਾਂ ਕਿਸੇ ਕੋਲ ਸਾਹਸ ਸੀ ਤੇ ਨਾ ਹੀ ਵਾਪਿਸ ਪਰਤੀ ਲਈ ਘਰ ਤੇ ਸਮਾਜ ਵਿਚ ਕੋਈ ਸਥਾਨ।

ਭਾਈ ਵੀਰ ਸਿੰਘ ਦੁਆਰਾ ਰਚਿਤ ਨਾਵਲ ਸੁੰਦਰੀ ਇਕ ਹਿੰਦੂ ਕੰਨਿਆ ਦੀ ਗੀਤ ਰੂਪ ਵਿਚ ਪ੍ਰਚਲਿਤ ਕਥਾ ਤੋਂ ਪ੍ਰਭਾਵਿਤ ਹੈ ਜੋ ਇਸ ਨਾਵਲ ਤੋਂ ਪਹਿਲਾਂ ਲੋਕ-ਜ਼ੁਬਾਨ ਤੇ ਚੜ੍ਹੀ ਹੋਈ ਸੀ। ਇਹ ਕਾਵਿ ਬਿਰਤਾਂਤ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੁਆਰਾ ਪ੍ਰਕਾਸ਼ਿਤ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ) ਵਿਚ ਦਰਜ ਹੈ।

ਇਸ ਗੀਤ ਵਿਚ ਮੁਗ਼ਲ ਹਾਕਮ ਦੁਆਰਾ ਉਧਾਲੀ ਗਈ ਇਕ ਨੌਜਵਾਨ ਸੁੰਦਰ ਲੜਕੀ ਆਪਣੇ ਬਾਪ, ਭਰਾ ਤੇ ਪਤੀ ਨੂੰ ਆਪਣੇ ਬਚਾਉ ਲਈ ਮਿੰਨਤਾਂ ਕਰਦੀ ਹੈ, ਪਰੰਤੂ ਸਭ ਦੀ ਬੇਬਸੀ ਦੇ ਹਾਲਤ ਤਹਿਤ ਅਖੀਰ ਆਪਣੇ ਆਪ ਨੂੰ ਅੱਗ ਲਾ ਕੇ ਆਤਮ ਦਾਹ ਕਰ ਲੈਂਦੀ ਹੈ। ਪੰਨਾ 486-87 ਤੇ ਦਰਜ ਇਹ ਗੀਤ ਇਉਂ ਹੈ:

ਮੁਗਲਾਂ ਨੇ ਘੋੜਾ ਪੀੜਿਆ ਵੇ, ਗੋਰੀ ਪਾਣੀਏਂ ਨੂੰ ਜਾ।
ਘੋੜੇ ਤੇ ਫੜ ਕੇ ਚਾੜ੍ਹ ਲਈ, ਵੇ ਕੋਈ ਪੇਸ਼ ਨਾ ਜਾ।
ਜਾਂਦਿਆ ਕਾਲਿਆ ਕਾਗੜਿਆ, ਮੇਰਾ ਲੈ ਵੇ ਸੁਨੇਹੜਾ ਜਾ।
ਆਖੀਂ ਮੇਰੇ ਬਾਬਲ ਨੂੰ ਵੇ, ਤੇਰੀ ਧੀ ਤਾਂ ਬੱਧੜੀ ਜਾ।
ਜਾਂਦਿਆਂ ਕਾਲਿਆ ਕਾਗੜਿਆ, ਮੇਰੇ ਲੈ ਵੇ ਸੁਨੇਹੜਾ ਜਾ।
ਆਖੀਂ ਮੇਰੇ ਵੀਰ ਨੂੰ ਵੇ, ਤੇਰੀ ਭੈਣ ਤਾਂ ਬੱਧੜੀ ਜਾ।
ਜਾਂਦਿਆਂ ਕਾਲਿਆ ਕਾਗੜਿਆ, ਮੇਰੇ ਲੈ ਵੇ ਸੁਨੇਹੜਾ ਜਾ।
ਆਖੀਂ ਤੂੰ ਮੇਰੇ ਕੰਤ ਨੂੰ ਵੇ, ਤੇਰੀ ਨਾਰ ਤਾਂ ਬੱਧੜੀ ਜਾ।
ਬਾਬਲ ਉਤਰਿਆ ਘੋੜਿਓਂ, ਵੀਰਨ ਇਮਲੀ ਦੀ ਛਾਂ।
ਕੰਤ ਤਾਂ ਬਹਿ ਕੇ ਰੋ ਪਿਆ ਵੇ, ਵੀਰਨ ਮਾਰੀ ਆ ਧਾਹ।
ਕਿੱਥੇ ਤਾਂ ਬੈਠੇਗਾ ਬਾਬਲ ਵੇ, ਕਿੱਥੇ ਮਾਂ-ਜਾਇਆ ਵੀਰ।
ਕਿੱਥੇ ਬੈਠੇਗਾ ਸਿਰ ਦਾ ਸਾਈਂ, ਜਿਹੜਾ ਕਰੇਗਾ ਨਿਆਂ।
ਬਾਗੀਂ ਤਾਂ ਬੈਠੇਗਾ ਬਾਬਲ ਵੇ, ਕੋਲ ਮਾਂ-ਜਾਇਆ ਵੀਰ।
ਮਹਿਲੀਂ ਤਾਂ ਸਿਰ ਦਾ ਸਾਈਂ ਵੇ, ਜਿਹੜਾ ਕਰੇਗਾ ਨਿਆਂ।
ਲੈ ਮੁਗ਼ਲਾਂ ਦੇ ਬੇਟੜੇ, ਰੁਪਈਆ ਬਾਈ ਹਜ਼ਾਰ।
ਹੱਥ ਬੰਨ੍ਹ ਕਰਦਾ ਬੇਨਤੀ, ਸੁੰਦਰੀ ਤਾਂ ਛੋੜੀ ਨਾ ਜਾ।
ਅੱਗ ਲੱਗੇ ਤੇਰੀ ਚਾਂਦੀ ਨੂੰ, ਵੇ ਸੋਨਾ ਨਦੀਏ ਰੁੜ੍ਹਾ।
ਭੱਠ ਪਵੇ ਤੇਰੀ ਬੇਨਤੀ, ਸੁੰਦਰੀ ਤਾਂ ਛੋੜੀ ਨਾ ਜਾ।
ਲੈ ਮੁਗ਼ਲਾਂ ਦੇ ਬੇਟੜੇ, ਰੁਪਈਆ ਚਾਲ੍ਹੀ ਹਜ਼ਾਰ।
ਹੱਥ ਬੰਨ੍ਹ ਕਰਦਾ ਬੇਨਤੀ, ਭੈਣ ਤਾਂ ਲਵਾਂਗਾ ਛੁਡਾ।
ਅੱਗ ਲੱਗੇ ਵੇ ਤੇਰੀ ਚਾਂਦੀ ਨੂੰ, ਮੋਤੀ ਨਦੀਏ ਰੁੜ੍ਹਾ।

---

***ਪ੍ਰਿੰਸੀਪਲ, ਖ਼ਾਲਸਾ ਕਾਲਜ ਫਾਰ ਵਿਮਨ, ਅੰਮ੍ਰਿਤਸਰ।**

ਭੱਠ ਪਵੇ ਵੇ ਤੇਰੀ ਬੇਨਤੀ, ਸੁੰਦਰੀ ਤਾਂ ਛੋੜੀ ਨਾ ਜਾ।
ਲੈ ਮੁਗ਼ਲਾਂ ਦੇ ਛੋਕਰੇ, ਰੁਪਈਆ ਪੰਜਾਹ ਹਜ਼ਾਰ।
ਹੱਥ ਬੰਨ੍ਹ ਕਰਦਾ ਬੇਨਤੀ, ਨਾਰ ਤਾਂ ਲਵਾਂਗਾ ਛੁਡਾ।
ਅੱਗ ਲੱਗੇ ਵੇ ਤੇਰੀ ਚਾਂਦੀ ਨੂੰ, ਮੋਤੀ ਨਦੀਏ ਰੁੜ੍ਹਾ।
ਭੱਠ ਪਵੇ ਵੇ ਤੇਰੀ ਬੇਨਤੀ, ਸੁੰਦਰੀ ਤਾਂ ਛੋੜੀ ਨਾ ਜਾ।
ਜਾ ਬਾਬਲ ਘਰ ਆਪਣੇ, ਰੱਖਾਂ ਮੈਂ ਤੇਰੀ ਲਾਜ।
ਮੁਗ਼ਲਾਂ ਦਾ ਪਾਣੀ ਨਾ ਪੀਆਂ, ਮੈਂ ਪਿਆਸੀ ਮਰ ਜਾਂ।
ਜਾ ਵੀਰਾ, ਘਰ ਆਪਣੇ, ਰੱਖਾਂ ਮੈਂ ਵੀਰੇ ਦੀ ਲਾਜ।
ਮੁਗ਼ਲਾਂ ਦਾ ਅੰਨ ਨਾ ਖਾਵਾਂ, ਭਾਵੇਂ ਭੁੱਖੀ ਵੀ ਮਰ ਜਾਂ।
ਜਾ ਕੰਤਾ ਘਰ ਆਪਣੇ, ਰੱਖਾਂ ਮੈਂ ਲਾਵਾਂ ਦੀ ਲਾਜ।
ਮੁਗਲਾਂ ਦੀ ਸੇਜੇ ਨਾ ਚੜ੍ਹਾਂ, ਮੈਂ ਜੀਊਂਦੀ ਹੀ ਮਰ ਜਾਂ।
ਜਾਈਂ ਵੇ ਮੁਗ਼ਲਾ ਦੇ ਬੇਟੜੇ, ਵੇ ਤੂੰ ਠੰਢਾ ਪਾਣੀ ਲਿਆ।
ਪਿਆਸ ਲੱਗੀ ਇਸ ਜੀਅ ਨੂੰ, ਵੇ ਮੈਥੋਂ ਸਹੀਓ ਨਾ ਜਾ।
ਜਾਈਂ ਵੇ ਨੌਕਰ ਦੇ ਛੋਕਰੇ, ਛੇਤੀ ਠੰਢਾ ਪਾਣੀ ਪਿਲਾ।
ਪਿਆਸ ਲੱਗੀ ਇਸ ਜੀਅ ਨੂੰ, ਵੇ ਮੈਥੋਂ ਸਹੀਓ ਨਾ ਜਾ।
ਮੁਗ਼ਲ ਗਿਆ ਵੇ ਪਾਣੀਏਂ ਨੂੰ, ਕੀਤਾ ਦੀਵੇ ਦਾ ਕਾਜ।
ਦੀਵੇ ਦੀ ਵੱਟੀ ਲਾ ਸੜ ਮੋਈ, ਵੇ ਰੱਖੀ ਰਾਜੇ ਦੀ ਲਾਜ।

1849 ਤੋਂ ਪੰਜਾਬ ਵਿਚ ਅੰਗ੍ਰੇਜ਼ਾਂ ਦੀ ਆਮਦ ਨਾਲ ਸਿੱਖ ਧਰਮ ਨੂੰ ਜੋ ਢਾਹ ਲਗਣੀ ਸ਼ੁਰੂ ਹੋ ਗਈ ਸੀ, ਇਹ 1872 ਵਿਚ ਜਨਮੇ ਡਾ. ਭਾਈ ਵੀਰ ਸਿੰਘ ਲਈ ਵਡੇਰੀ ਚਿੰਤਾ ਦਾ ਮਸਲਾ ਸੀ। 18ਵੀਂ ਸਦੀ ਦਾ ਸਿੱਖ ਇਤਿਹਾਸ ਸਿੱਖਾਂ ਦੇ ਅਦੁੱਤੀ ਸੰਘਰਸ਼ ਦਾ ਗੌਰਵਸ਼ਾਲੀ ਵਿਰਸਾ ਰਿਹਾ ਹੈ। 19ਵੀਂ ਸਦੀ ਦਾ ਪਹਿਲਾ ਅੱਧ ਵੀ ਚੜ੍ਹਤ ਦਾ ਰਿਹਾ, ਪਰ ਦੂਸਰਾ ਅੱਧ ਗਿਰਾਵਟ ਵੱਲ ਖਿਸਕਦਾ ਨਜ਼ਰੀਂ ਆਉਣ ਲੱਗਦਾ ਹੈ। ਇਹ ਹਾਲਾਤ ਰਹੱਸਵਾਦੀ ਬਿਰਤੀ ਵਾਲੇ ਭਾਈ ਵੀਰ ਸਿੰਘ ਦੇ ਮਨ ਅੰਦਰਲੀ ਸਮਾਜਕ ਤੇ ਸਭਿਆਚਾਰਕ ਸੋਝੀ ਨੂੰ ਟੁੰਬਦੇ ਹਨ ਤੇ ਉਸਦਾ ਕੁਦਰਤ ਪ੍ਰੇਮ ਉਸਦੇ ਨਾਵਲਾਂ ਵਿਚ ਆਪਣੇ ਵਿਰਸੇ ਤੇ ਸਿੱਖ ਇਤਿਹਾਸ ਪ੍ਰਤੀ ਪ੍ਰੇਮ ਵਿਚ ਤਬਦੀਲ ਹੋਣ ਲਗਦਾ ਹੈ। ਸ਼ਾਇਦ ਇਸੇ ਲਈ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਇਤਿਹਾਸਕ ਨਾਵਲਾਂ ਦੀ ਸੰਗਿਆ ਵੀ ਦਿਤੀ ਗਈ ਹੈ। ਬੇਸ਼ੱਕ, ਉਸਦੇ ਨਾਵਲ ਸੁੰਦਰੀ(1898), ਸਤਵੰਤ ਕੌਰ(1899), ਬਿਜੈ ਸਿੰਘ (1900) ਤੇ ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ (1917-21) ਇਸ ਵਿਚਾਰ ਨੂੰ ਸੱਚ ਕਰ ਵਿਖਾਉਂਦੇ ਹਨ ਕਿ ਅਸਲ ਇਤਿਹਾਸ ਦੇ ਮੁਕਾਬਲੇ ਸਾਹਿਤ ਵਿਚ ਪੇਸ਼ ਹੋਇਆ ਇਤਿਹਾਸ ਵਧੇਰੇ ਪ੍ਰਮਾਣਿਕ ਹੁੰਦਾ ਹੈ।

ਭਾਈ ਵੀਰ ਸਿੰਘ ਦੇ ਨਾਵਲ ਇਕ ਤਰ੍ਹਾਂ ਦੇ ਚਰਿਤ੍ਰ ਉਪਾਖਿਆਨ ਹਨ। ਭਾਈ ਸਾਹਿਬ ਨੇ ਖ਼ੁਦ ਸੁੰਦਰੀ ਦੇ ਸਿਰਲੇਖ ਵਿਚ ਅੰਕਿਤ ਕੀਤਾ ਹੈ:

ਧਰਮ ਮੂਰਤਿ ਸੁੰਦਰ ਕੌਰ ਚਰਿਤ੍ਰ ਪ੍ਰਸਿਧ ਨਾਮ ਸ਼੍ਰੀ ਮਤੀ ਸੁੰਦਰੀ ਜੀ ਦੇ ਦਰਦਨਾਕ ਸਮਾਚਾਰ ਅਰ ਪੁਰਤਾਨ ਖ਼ਾਲਸੇ ਜੀ ਦੀ ਬਹਾਦਰੀ, ਧਰਮ ਪਾਲਣ ਤੇ ਕਰੜੇ ਖ਼ੇਦਾਂ ਦੇ ਹੂ-ਬ-ਹੂ ਨਕਸ਼ੇ।

ਸੁੰਦਰੀ ਦੇ ਜੀਵਨ ਦੀ ਕਾਲਪਨਿਕ ਕਥਾ ਰਾਹੀਂ ਭਾਈ ਵੀਰ ਸਿੰਘ ਉਸ ਸਮੇਂ ਦੇ ਇਤਿਹਾਸਕ ਯਥਾਰਥ ਨੂੰ ਉਘਾੜਨ ਦਾ ਪ੍ਰਯਤਨ ਕਰਦਾ ਜਾਪਦਾ ਹੈ। ਕਾਲਪਨਿਕਤਾ ਤੇ ਯਥਾਰਥ ਦੇ ਸੁਮੇਲ ਰਾਹੀਂ ਸਮਾਜਕ ਪਰਿਵੇਸ਼ ਦੇ ਵਡੇਰੇ ਸੰਦਰਭਾਂ ਨੂੰ ਵਿਸ਼ਾਲ ਕੈਨਵਸ ਤੇ ਪੇਸ਼ ਕਰਨ ਦੀ ਮੂਲ ਰੁਚੀ ਇਸ ਰਚਨਾ ਨੂੰ ਨਾਵਲੀ ਵਿਧਾ ਦਾ ਰੂਪ ਪ੍ਰਦਾਨ ਕਰਦੀ ਹੈ। ਨਾਵਲ ਦਾ ਧਰਮ ਵਾਸਤਵਿਕ ਯਥਾਰਥ ਨੂੰ ਪੁਨਰ ਸਿਰਜਿਤ ਕਰਨਾ ਹੁੰਦਾ ਹੈ। ਪੁਨਰ ਸਿਰਜਨ ਦੇ ਕਾਰਜ ਵਿਚ ਕਰਤੇ ਦੀ ਸੰਵੇਦਨਸ਼ੀਲਤਾ ਤੇ ਕਾਲਪਨਿਕ ਉਡਾਰੀ ਮਹੱਤਵਪੂਰਣ ਕਾਰਜ ਨਿਭਾਉਂਦੀ ਹੈ। ਭਾਈ ਵੀਰ ਸਿੰਘ ਨੇ ਨਾਵਲ ਸੁੰਦਰੀ ਨੂੰ 'ਪੁਰਾਤਨ ਖ਼ਾਲਸੇ ਜੀ ਦੀ ਬਹਾਦਰੀ, ਧਰਮ ਪਾਲਣ ਤੇ ਕਰੜੇ ਖ਼ੇਦਾਂ ਦੇ ਹੂ-ਬ-ਹੂ ਨਕਸ਼ੇ' ਕਿਹਾ ਹੈ। ਹੂ-ਬ-ਹੂ ਪੇਸ਼ਕਾਰੀ ਦਾ ਪ੍ਰਭਾਵ ਸਿਰਜਣਾ ਯਥਾਰਥ ਸਿਰਜਣ ਦੀ ਕਲਾ ਵੀ ਹੈ ਤੇ ਨਾਵਲ ਦੀ ਜੁਗਤ ਵੀ।

ਬੇਸ਼ੱਕ, ਨਾਵਲ ਪੱਛਮੀ ਪ੍ਰਭਾਵ ਤਹਿਤ ਹੋਂਦ ਵਿਚ ਆਉਣ ਵਾਲੀ ਨਵੀਨ ਵਿਧਾ ਹੈ, ਲੇਕਿਨ ਇਸ ਦੇ ਉਦਗਮ ਤੇ ਵਿਕਾਸ ਦਾ ਸਫ਼ਰ ਭਾਰਤੀ ਪਰਿਪੇਖ ਵਿਚ ਮਹਾਂਕਾਵਿ, ਕਿੱਸਾ-ਕਾਵਿ ਤੇ ਬੀਰ-ਕਾਵਿ ਦੇ ਵਿਚੋਂ ਦੀ ਹੋ ਕੇ ਗੁਜ਼ਰਦਾ ਹੈ। ਬਿਰਤਾਂਤ ਰਚਨਾਕਾਰ ਸਦਾ ਹੀ ਆਪਣੀ ਰਚਨਾ ਨੂੰ ਯਥਾਰਥਕ ਦਰਸਾਉਣ ਦੇ ਪ੍ਰਯਤਨ ਵਿਚ ਰਿਹਾ ਹੈ। ਹੀਰ ਦਾ ਰਚੈਤਾ ਦਮੋਦਰ ਬਾਰ-ਬਾਰ 'ਆਖ ਦਮੋਦਰ ਅੱਖੀਂ ਡਿੱਠਾ' ਦਾ ਫ਼ਿਕਰਾ ਦੁਹਰਾਉਂਦਾ ਹੈ ਤੇ ਵਾਰਿਸ ਦੀ ਹੀਰ ਵਿਚਲੇ ਦਰਦ ਨੂੰ ਤਾਂ ਉਸਦੀ ਵਿਅਕਤੀਗਤ ਪ੍ਰੇਮ-ਕਥਾ ਨਾਲ ਜੋੜ ਦਿੱਤਾ ਜਾਂਦਾ ਹੈ। ਪੰਜਾਬੀ ਸਾਹਿਤ ਦੀ ਅੱਖੀਂ ਦੇਖੀ ਰਵਾਇਤ ਅਨੁਸਾਰ ਹੀ ਭਾਈ ਵੀਰ ਸਿੰਘ ਆਪਣੇ ਨਾਵਲਾਂ ਨੂੰ ਵਾਸਤਵਿਕ ਰੰਗਤ ਦੇ ਕੇ ਇਤਿਹਾਸਕ ਨਾਵਲ ਬਣਾ ਦਿੰਦਾ ਹੈ। ਭਾਈ ਵੀਰ ਸਿੰਘ ਦਾ ਸਮੁੱਚਾ ਨਾਵਲੀ ਸੰਸਾਰ ਸਿੱਖ ਧਰਮ ਦੇ ਸਾਂਸਕ੍ਰਿਤਕ ਸੰਕਟ ਤੇ ਸਿੱਖ ਇਤਿਹਾਸ ਦੇ ਗੌਰਵਸ਼ਾਲੀ ਵਿਰਸੇ ਦੀ ਪ੍ਰਸਤੁਤੀ ਹੋ ਨਿੱਬੜਦਾ ਹੈ। ਉਸਦੇ ਨਾਵਲਾਂ ਵਿਚਲੇ ਪਾਤਰ ਸਾਂਸਕ੍ਰਿਤਕ ਸੰਕਟ ਨਾਲ ਜੂਝਦੇ ਹੋਏ ਸਿੱਖ ਇਤਿਹਾਸ ਦੇ ਗੌਰਵਸ਼ਾਲੀ ਮੁੱਲਾਂ ਦੇ ਰਾਖੇ ਬਣਕੇ ਵਿਚਰਦੇ ਹਨ। ਨਵੀਂ ਸਾਹਿਤਕ ਵਿਧਾ ਨਾਵਲ ਦੀ ਵਰਤੋਂ ਰਾਹੀਂ ਭਾਈ ਵੀਰ ਸਿੰਘ ਦਾ ਆਸ਼ਾ ਇਹ ਦ੍ਰਿੜ੍ਹਾਉਣਾ ਹੈ ਕਿ ਜਿਵੇਂ ਅਠ੍ਹਾਰਵੀਂ ਸਦੀ ਵਿਚ ਸਿੱਖਾਂ ਨੇ ਕਰੜਾ ਸੰਘਰਸ਼ ਕਰਕੇ ਸਿੱਖ ਰਾਜ ਹਾਸਿਲ ਕੀਤਾ ਸੀ, ਉਵੇਂ ਹੀ ਸਿੱਖ ਰਾਜ ਦੇ ਖ਼ਾਤਮੇ ਤੋਂ ਬਾਅਦ ਸਿੱਖ ਕੌਮ ਨੂੰ ਦਰਪੇਸ਼ ਸੰਕਟ ਦਾ ਨਿਵਾਰਣ ਵੀ ਆਦਰਸ਼ ਸਿੱਖੀ ਜੀਵਨ ਰਾਹੀਂ ਹੀ ਹੋ ਸਕਦਾ ਹੈ।

ਭਾਈ ਵੀਰ ਸਿੰਘ ਦਾ ਨਾਵਲੀ-ਕਾਲ 1898 ਤੋਂ 1921 ਤੱਕ ਦਾ ਹੈ। ਇਹ ਉਹ ਸਮਾਂ ਸੀ ਜਦੋਂ ਅੰਗ੍ਰੇਜ਼ ਹਕੂਮਤ ਈਸਾਈ

ਮਿਸ਼ਨਰੀਆਂ ਨੂੰ ਈਸਾਈ ਧਰਮ ਦੇ ਪ੍ਰਚਾਰ ਲਈ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰ ਰਹੀ ਸੀ। ਸੁੰਦਰੀ ਅਸਲ ਵਿਚ ਪੰਜਾਬੀ ਦਾ ਪਹਿਲਾ ਨਾਵਲ ਹੈ। ਵਿਸ਼ੇਸ਼ ਮਨੋਰਥ ਹਿਤ ਰਚਿਆ ਗਿਆ ਇਹ ਨਾਵਲ ਹੁਣ ਤੱਕ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਤੇ ਸਭ ਤੋਂ ਜ਼ਿਆਦਾ ਗਿਣਤੀ ਵਿਚ ਪ੍ਰਕਾਸ਼ਿਤ ਹੋਣ ਵਾਲਾ ਨਾਵਲ ਹੈ। ਸੁੰਦਰੀ ਨਾਵਲ ਤੋਂ ਪਹਿਲਾਂ ਪੰਜਾਬੀ ਵਿਚ ਦੋ ਨਾਵਲ ਮਿਲਦੇ ਹਨ। ਜੌਹਨ ਬਨੀਅਨ ਦੁਆਰਾ ਰਚਿਤ ਨਾਵਲ ਪਿਲਗ੍ਰਿਮਜ਼ ਪ੍ਰੋਗਰੈਸ ਦੇ ਪੰਜਾਬੀ ਅਨੁਵਾਦ ਮਸੀਹੀ ਮੁਸਾਫ਼ਿਰ ਦੀ ਜਾਤਰਾ(1859) ਵਿਚ ਯਸੂ ਮਸੀਹ ਦੇ ਦਰਸਾਏ ਧਰਮ ਮਾਰਗ ਦਾ ਰਸਤਾ ਸਵਰਗ ਵੱਲ ਲੈ ਜਾਂਦਾ ਵਿਖਾਇਆ ਗਿਆ ਹੈ। 1882 ਵਿਚ ਮਿਸ਼ਨ ਪ੍ਰੈਸ ਲੁਧਿਆਣਾ ਦੁਆਰਾ ਛਾਪੇ ਗਏ ਨਾਵਲ ਜਯੋਤਿਰੁਦਯ ਵਿਚ ਸਪਸ਼ਟ ਰੂਪ ਵਿਚ ਹਿੰਦੂ ਦੇਵਤਿਆਂ ਤੇ ਸੰਸਕ੍ਰਿਤੀ ਦਾ ਖੰਡਨ ਕੀਤਾ ਗਿਆ ਹੈ ਤੇ ਮਨੁੱਖ ਦੇ ਸਾਰੇ ਦੁੱਖਾਂ ਦਾ ਦਾਰੂ ਈਸਾਈ ਧਰਮ ਨੂੰ ਅਪਨਾਉਣ ਵਿਚ ਵਿਖਾਇਆ ਗਿਆ ਹੈ। ਅੰਗ੍ਰੇਜ਼ ਹਕੂਮਤ ਦੀ ਇਸ ਸੋਚੀ ਸਮਝੀ ਧਰਮ ਪ੍ਰਚਾਰ ਨੀਤੀ ਦੇ ਵਿਰੋਧ ਵਿਚ ਭਾਰਤੀ ਲੋਕ-ਮਾਨਸ ਵਿਚ ਸਮਾਜ ਸੁਧਾਰ ਪ੍ਰਤੀ ਵਧ ਰਹੀ ਚੇਤਨਾ ਤਹਿਤ ਕਈ ਸਮਾਜ ਸੁਧਾਰਕ ਲਹਿਰਾਂ ਦਾ ਉਦੈ ਹੁੰਦਾ ਹੈ। ਇਨ੍ਹਾਂ ਲਹਿਰਾਂ ਦਾ ਮੂਲ ਮੰਤਵ ਆਪਣੇ-ਆਪਣੇ ਧਰਮ ਦੀ ਰੱਖਿਆ ਤੇ ਖੋਖਲੀਆਂ ਕਦਰਾਂ ਕੀਮਤਾਂ ਦਾ ਖ਼ਾਤਮਾ ਕਰਕੇ ਸ਼ੋਸ਼ਿਤ ਧਿਰ ਨੂੰ ਨਿਆਂ ਤੇ ਸਮਾਜ ਵਿਚ ਸਨਮਾਨਿਤ ਸਥਾਨ ਹਾਸਿਲ ਕਰਵਾਉਣਾ ਸੀ। ਵਿਸ਼ੇਸ਼ ਕਰ ਇਸਤਰੀ ਜਾਤੀ ਦਾ ਸੁਧਾਰ, ਜੋ ਸਦੀਆਂ ਤੋਂ ਨਾਕਾਰਾਤਮਕ ਤੇ ਢਾਹੂ ਕਦਰਾਂ ਦੇ ਬੋਝ ਥੱਲੇ ਨਪੀੜੀ ਜਾ ਰਹੀ ਸੀ।

ਭਾਈ ਵੀਰ ਸਿੰਘ ਦੇ ਨਾਵਲ ਇਸੇ ਚੇਤਨਾ ਦੀ ਉਪਜ ਹਨ। ਉਹ ਸਿੱਖ ਧਰਮ ਵਿਚ ਮਰਦਾਂ ਦੇ ਬਰਾਬਰ ਸਿੱਖ ਇਸਤ੍ਰੀ ਦਾ ਸਥਾਨ ਨਿਸ਼ਚਿਤ ਕਰਦਾ ਹੋਇਆ ਆਪਣੇ ਦੋ ਨਾਵਲਾਂ ਦੇ ਸਿਰਲੇਖ ਹੀ ਔਰਤਾਂ ਦੇ ਨਾਮ ਤੇ ਰੱਖਦਾ ਹੈ ਤੇ ਬਾਕੀ ਦੋਹਾਂ ਨਾਵਲਾਂ ਵਿਚ ਵੀ ਇਸਤ੍ਰੀ ਪ੍ਰਮੁਖ ਰੂਪ ਵਿਚ ਪੇਸ਼ ਹੁੰਦੀ ਹੈ। ਉਸਦੇ ਨਾਵਲਾਂ ਦੀਆਂ ਨਾਇਕਾਵਾਂ ਤੇ ਔਰਤ ਪਾਤਰਾਂ ਦਾ ਵਿਸ਼ੇਸ਼ ਲੱਛਣ ਉਹਨਾਂ ਅੰਦਰਲੀ ਨਿਡਰਤਾ, ਬਹਾਦਰੀ, ਸਿੱਖ ਧਰਮ ਦੀ ਮਰਿਆਦਾ ਦੇ ਪਾਲਣ ਤੇ ਸਿੱਖ ਧਰਮ ਦੇ ਮੋਟਿਫ਼ਾਂ ਦੀ ਪਹਿਰੇਦਾਰੀ ਦੇ ਰੂਪ ਵਿਚ ਵਿਅਕਤ ਹੁੰਦਾ ਹੈ। ਭਾਰਤੀ ਸਮਾਜ ਤੇ ਮਿਥਿਹਾਸ ਦੇ ਆਰੰਭਲੇ ਦੌਰ ਵਿਚ ਔਰਤ ਦਾ ਰੂਪ ਸਨਮਾਨਿਤ ਰਿਹਾ ਹੈ। ਦੁਰਗਾ, ਸਤੀ, ਸਾਵਿਤਰੀ, ਸੀਤਾ, ਦਰੋਪਦੀ ਤੇ ਪਾਰਵਤੀ ਔਰਤ ਦੇ ਉਨ੍ਹਾਂ ਆਦਿ ਰੂਪਾਂ ਵਜੋਂ ਪ੍ਰਸਤੁਤ ਹੁੰਦੇ ਹਨ ਜੋ ਔਰਤ ਦੀ ਆਦਰਸ਼ ਤਸਵੀਰ ਉਲੀਕਦੇ ਹਨ। ਪਰੰਤੂ, ਸਮੇਂ ਦੇ ਪ੍ਰਵਾਹ ਵਿਚ ਔਰਤ ਦੇ ਇਸ ਰੂਪ ਨੂੰ ਜ਼ਬਰਦਸਤ ਚੋਟ ਪਹੁੰਚਦੀ ਹੈ ਤੇ ਅਠ੍ਹਾਰਵੀਂ ਸਦੀ ਤਕ ਆਉਂਦੇ-ਆਉਂਦੇ ਉਹ ਅਬਲਾ ਤੇ ਸ਼ੋਸ਼ਿਤ ਵਰਗ ਦੀ ਪ੍ਰਤੀਨਿਧਤਾ ਕਰਦੀ ਨਜ਼ਰੀਂ ਆਉਣ ਲਗਦੀ ਹੈ। ਇਸ ਜਮੂਦ ਨੂੰ ਤੋੜਨ ਵਿਚ ਭਾਈ ਵੀਰ ਸਿੰਘ ਦੀ ਆਦਰਸ਼ ਪਾਤਰ ਸੁੰਦਰੀ ਦੀ ਮਨੋਬਚਨੀ ਵਿਸ਼ੇਸ਼ ਮਹੱਤਵ ਰੱਖਦੀ ਹੈ:

ਮੇਰਾ ਹੀ ਅੰਮੀ ਜਾਯਾ ਵੀਰ ਕਿੰਨਾ ਚੰਗਾ ਹੋ ਗਿਆ ਹੈ, ਕਿਉਂ ਨਾ ਮੇਰਾ ਮਨ ਬੀ ਏਡਾ ਬਹਾਦਰ ਹੋ ਜਾਵੇ3 ਤੀਵੀਆਂ ਧਰਮ ਰੱਖਯਾ ਲਈ ਕਿਉਂ ਜੰਗ ਨਹੀਂ ਕਰਦੀਆਂ? ਜੇ ਨਹੀਂ ਕਰਦੀਆਂ ਤਾਂ ਮੈਂ ਕਿਉਂ ਨਾ ਪਹਿਲੀ ਤੀਵੀਂ ਹੋਵਾਂ ਜੋ ਭਰਾ ਵਾਂਗੂੰ ਸੂਰਬੀਰ ਹੋ ਜਾਵਾਂ?

ਭਾਈ ਵੀਰ ਸਿੰਘ ਇਸਤਰੀ ਪਾਤਰਾਂ ਦੀ ਪੇਸ਼ਕਾਰੀ ਵਿਚ ਔਰਤ ਦੇ ਉਚੇਰੇ ਆਦਿ ਰੂਪ ਨੂੰ ਸਿੱਖ ਧਰਮ ਦੇ ਜ਼ਾਵੀਏ ਤੋਂ ਪੁਨਰ-ਸੁਰਜੀਤ ਕਰਨ ਦਾ ਯਤਨ ਕਰਦਾ ਹੈ। ਇਸੇ ਪ੍ਰਵਿਰਤੀ ਅਧੀਨ ਉਹ ਕਈ ਥਾਈਂ ਸੁੰਦਰੀ ਲਈ ਦੇਵੀ ਦੀ ਸੰਗਿਆ ਵਰਤਦਾ ਹੈ। ਭਾਈ ਵੀਰ ਸਿੰਘ ਦਾ ਨਾਵਲ ਲਿਖਣ ਦਾ ਮੂਲ ਮਨੋਰਥ ਇਹ ਦਰਸਾਉਣਾ ਹੈ ਕਿ ਸਿੱਖੀ ਧਾਰਨ ਕਰਨ ਵਾਲਾ ਮਨੁੱਖ ਕਦੇ ਨਿਰਾਸ਼ਾ ਵਿਚ ਨਹੀਂ ਜਾਂਦਾ, ਸਦਾ ਆਸ਼ਾਵਾਦੀ ਰਹਿੰਦਾ ਹੈ ਅਤੇ ਚੜ੍ਹਦੀ ਕਲਾ ਵਿਚ ਰਹਿ ਕੇ ਵੱਡੇ ਤੋਂ ਵੱਡੇ ਸੰਕਟਾਂ ਦਾ ਟਾਕਰਾ ਕਰ ਸਕਦਾ ਹੈ। ਨਾਵਲਕਾਰ ਸਿੱਖ ਧਰਮ ਦੀ ਉੱਚਤਾ ਨੂੰ ਦਰਸਾਉਣ ਲਈ ਪ੍ਰਚਲਿਤ ਕਹਾਣੀ ਵਿਚ ਥੋੜ੍ਹੀ ਜਿਹੀ ਤਬਦੀਲੀ ਕਰਕੇ ਇਸਤਰੀ ਨੂੰ ਬਹਾਦਰੀ, ਨਿਡਰਤਾ ਤੇ ਨਿਸ਼ਕਾਮ ਸੇਵਾ ਭਾਵ ਦੇ ਮੁੱਲਾਂ ਦੀ ਅਲੰਬਰਦਾਰ ਬਣਾ ਦੇਂਦਾ ਹੈ।

ਆਰੰਭ ਵਿਚ ਪ੍ਰਸਤੁਤ ਕੀਤਾ ਗਿਆ ਗੀਤ ਸਮੇਂ ਦੇ ਬੀਤਣ ਨਾਲ ਵਾਪਰੀ ਤਬਦੀਲੀ ਅਤੇ ਥੋੜ੍ਹੇ ਬਹੁਤ ਮਨੋਇੱਛਿਤ ਫੇਰ ਬਦਲ ਨਾਲ ਸੁੰਦਰੀ ਨਾਵਲ ਦੀ ਅੰਤਕਾ-1 ਵਿਚ ਛਾਪਿਆ ਗਿਆ ਹੈ। ਇਸ ਦੇ ਅੰਤ ਵਿਚ ਸੁੰਦਰੀ ਨੂੰ ਸਿੰਘ ਸਜੇ ਭਰਾ ਦੀ ਬਹਾਦਰੀ, ਦ੍ਰਿੜ੍ਹਤਾ ਤੇ ਸਿਰੜ ਰਾਹੀਂ ਆਤਮ ਦਾਹ ਤੋਂ ਬਚਦੇ ਹੋਏ ਵਿਖਾਇਆ ਗਿਆ ਹੈ। ਦੋਹਾਂ ਗੀਤਾਂ ਨੂੰ ਇਨ੍ਹਾਂ ਦੇ ਪ੍ਰਾਪਤ ਰੂਪਾਂ ਵਿਚ ਇਥੇ ਪੇਸ਼ ਕਰਨਾ ਸਾਡੇ ਲੋਕ ਸਾਹਿਤ ਤੇ ਵਿਰਸੇ ਨੂੰ ਸੰਭਾਲਣ ਵਿਚ ਸਹਾਈ ਹੋ ਸਕਦਾ ਹੈ। ਗੀਤ ਦੇ ਅੰਤ ਵਿਚ ਸ਼ਮਿਲ ਕੀਤੀ ਗਈ ਸਤਰ ਭਾਈ ਵੀਰ ਸਿੰਘ ਦੇ ਆਸ਼ੇ ਨੂੰ ਪ੍ਰਗਟਾਉਣ ਵਿਚ ਮਹੱਤਵਪੂਰਣ ਪ੍ਰਮਾਣ ਸਿੱਧ ਹੁੰਦੀ ਹੈ। ਸੁੰਦਰੀ ਦੇ ਪਹਿਲੇ ਐਡੀਸ਼ਨ ਵਿਚ ਛਪੇ ਇਸ ਗੀਤ ਨੂੰ ਭਾਈ ਵੀਰ ਸਿੰਘ ਨੇ ਇਸ ਪੁਸਤਕ ਦਾ ਆਧਾਰ ਮੰਨਿਆ ਹੈ ਜੋ ਉਸ ਅਨੁਸਾਰ ਉਸ ਸਮੇਂ ਪੁਰਾਤਨ ਮਾਈਆਂ ਗਾਇਆ ਕਰਦੀਆਂ ਸਨ। ਗੀਤ ਦੀ ਇਬਾਰਤ ਇਸ ਪ੍ਰਕਾਰ ਹੈ:

ਨਣਦ ਭਰਜਾਈ ਚੀਣਾ ਛੜਦੀਆਂ,<br>
ਫ਼ੌਜ ਮੁਗਲਾਂ ਦੀ ਚੜ੍ਹਿ ਆ।<br>
ਹਾਏ ਵੇ ਸਿਪਾਹੀ ਜਾਂਦਿਆ!<br>
ਘਰ ਨਹੀਂ ਸੀ ਰਾਂਝਾ, ਆਪਣੀ ਗੋਰੀ ਨੂੰ ਕੌਣ ਛੁਡਾ। ਹਾਏ ਵੇ:<br>
ਉਡੀਂ ਉਡੀਂ ਵੇ ਕਾਗ ਸੁਲੱਖਣੇ!

ਕਹਿ ਮੇਰੇ ਬਾਪ ਨੂੰ ਧੀ ਪਕੜੀ ਵੀ ਜਾ । ਹਾਏ ਵੇ:
ਮੁਹਰਾਂ ਦਿਆਂ ਡੇਢ ਲੱਖ ਰੁਪਏ ਦਿਆਂ ਲੱਖ ਚਾਰ,
ਮਿੰਨਤ ਮੁਥਾਜੀ ਕਰ ਕੇ ਧੀ ਲਊਂਗਾ ਛੁਡਾ। ਹਾਏ ਵੇ:
ਅੱਗ ਲਾਵਾਂ ਤੇਰੇ ਲੱਖਾਂ ਨੂੰ ਮੋਹਰਾਂ ਜਲ ਜਾ,
ਐਸੀ ਸੁੰਦਰ ਸੋਹਣੀ ਸਾਥੋਂ ਛਡੀਆ ਨਾ ਜਾ। ਹਾਏ ਵੇ:
ਉਡੀਂ ਉਡੀਂ ਵੇ ਕਾਗ ਸੁਲੱਖਣੇ!ਮੇਰੇ ਵੀਰ ਕੋਲ ਜਾ।
ਜਾ ਕਹੀਂ ਮੇਰੇ ਵੀਰ ਨੂੰ ਭੈਣ ਪਕੜੀ ਵੀ ਜਾ। ਹਾਏ ਵੇ:
ਮੋਤੀ ਦਿਆਂਗਾ ਡੇਢ ਸੌ ਮੁਹਰਾਂ ਦਿਆਂ ਲਖ ਚਾਰ।
ਹੱਥ ਜੋੜ ਕਰ ਬੇਨਤੀ ਭੈਣ ਲਵਾਂਗਾ ਛੁਡਾ। ਹਾਏ ਵੇ:
ਅੱਗ ਲਾਵਾਂ ਤੇਰੇ ਮੋਤੀਆਂ ਮੋਹਰਾਂ ਜਲ ਜਾ,
ਐਸੀ ਸੁੰਦਰ ਸੋਹਣੀ ਸਾਥੋਂ ਛਡੀਆ ਨਾ ਜਾ। ਹਾਏ ਵੇ:
ਉਡੀਂ ਉਡੀਂ ਵੇ ਕਾਗ ਸੁਲੱਖਣੇ!ਮੇਰੇ ਕੰਤ ਕੋਲ ਜਾ।
ਆਖੀਂ ਮੇਰੇ ਕੰਤ ਨੂੰ ਨਾਰ ਪਕੜੀ ਵੀ ਜਾ। ਹਾਏ ਵੇ:
ਹੀਰੇ ਦਿਆਂ ਇਕ ਲਖ ਲਾਲ ਲਖ ਚਾਰ,
ਦੋ ਘੜੀਆਂ ਦੀ ਬੇਨਤੀ ਸੋਹਣੀ ਲਊਂ ਜਾ ਛੁਡਾ। ਹਾਏ ਵੇ:
ਅੱਗ ਲਾਵਾਂ ਤੇਏ ਹੀਰਿਆਂ ਲਾਲਾਂ ਜਲ ਜਾ,
ਐਸੀ ਸੁੰਦਰ ਸੋਹਣੀ ਸਾਥੋਂ ਛਡੀਆ ਨਾ ਜਾ। ਹਾਏ ਵੇ:
ਜਾਹ ਬਾਪ ਘਰ ਆਪਣੇ ਰੱਖਾਂ ਤੇਰੜੀ ਲਾਜ,
ਮੁਗਲਾਂ ਦਾ ਖਾਣਾ ਨਾ ਖਾਵਾਂ, ਮੈਂ ਖੜੀ ਜਲ ਜਾਂ। ਹਾਏ ਵੇ:
ਜਾਹ ਵੀਰ ਘਰ ਆਪਣੇ ਰੱਖਾਂ ਤੇਰੜੀ ਲਾਜ,
ਮੁਗਲਾਂ ਦਾ ਪਾਣੀ ਨਾ ਪੀਵਾਂ ਮੈਂ ਖੜੀ ਜਲ ਜਾਂ। ਹਾਏ ਵੇ:
ਜਾਹ ਕੰਤ ਘਰ ਆਪਣੇ ਰੱਖਾਂ ਤੇਰੜੀ ਲਾਜ,
ਮੁਗਲਾਂ ਦੀ ਸੇਜੇ ਨਾ ਚੜ੍ਹਾਂ ਮੈਂ ਖੜੀ ਜਲ ਜਾਂ। ਹਾਏ ਵੇ:
ਬਾਪ ਹਮਾਰਾ ਡਿੱਗ ਪਿਆ ਵੀਰ ਪਿਆ ਗ਼ਸ਼ ਖਾ,
ਕੰਤ ਹਮਾਰਾ ਹੱਸ ਪਿਆ ਕਰਸਾਂ ਹੋਰ ਵਿਆਹ। ਹਾਏ ਵੇ:
ਮੁਗ਼ਲ ਗਿਆ ਸੀ ਪਾਣੀਏਂ ਪਿੱਛੋਂ ਗੋਰੀ ਚਿਖਾ ਬਨਾ,
ਜਲਣ ਲੱਗੀ ਸੀ ਭੈਣੜੀ ਉਤੋਂ ਵੀਰ ਗਯਾ ਆ। ਹਾਏ ਵੇ:

ਸੁੰਦਰੀ ਆਪਣੇ ਸਿੰਘ ਸਜੇ ਭਰਾ ਬਲਵੰਤ ਸਿੰਘ ਦੀ ਮਦਦ ਨਾਲ ਮੁਗਲਾਂ ਹੱਥੋਂ ਬਚ ਕੇ ਸਿੱਖ ਧਰਮ ਧਾਰਣ ਕਰਦੀ ਹੈ ਤੇ ਹੋਰ ਸਿੰਘਾਂ ਦੇ ਨਾਲ ਹੀ ਜੰਗਲਾਂ ਵਿਚ ਵਾਸ ਕਰਦੀ ਹੈ। ਉਹ ਨਿੱਤਨੇਮ ਤੋਂ ਇਲਾਵਾ ਸ਼ਸਤਰ ਧਾਰਨ ਵੀ ਕਰਦੀ ਹੈ ਤੇ ਆਪਣੇ ਆਪ ਨੂੰ ਘੋੜ ਸਵਾਰੀ ਤੇ ਜੰਗਾਂ-ਯੁੱਧਾਂ ਲਈ ਵੀ ਤਿਆਰ ਕਰਦੀ ਹੈ। ਨਾਵਲਕਾਰ ਇਸ ਕਥਾਤਮਕ ਉਸਾਰ ਦੀ ਪਿੱਠ ਭੂਮੀ ਵਿਚ ਮੁਸੀਬਤ ਵਿਚ ਪਈ ਦਰੋਪਦੀ ਦੀ ਕ੍ਰਿਸ਼ਨ ਦੁਆਰਾ ਮਦਦ ਦਾ ਮੋਟਿਫ਼ ਵਰਤ ਕੇ ਇਸ ਬਿਰਤਾਂਤ ਨੂੰ ਸੁੱਤੇ ਸਿਧ ਵਿਸ਼ਾਲ ਅਰਥਾਂ ਦਾ ਧਾਰਣੀ ਬਣਾ ਦਿੰਦਾ ਹੈ। ਜੰਗਲਾਂ ਵਿਚ ਵਾਸ ਕਰਦੀ ਹੋਈ ਸੁੰਦਰੀ ਖਾਣੇ ਦੀ ਸੇਵਾ ਤੇ ਜੰਗ ਵਿਚ ਬਿਨਾਂ ਭੇਦ-ਭਾਵ ਦੇ ਜ਼ਖ਼ਮੀਆਂ ਦੀ ਮਲ੍ਹਮ ਪੱਟੀ ਕਰਦੀ ਹੈ। ਸੁੰਦਰੀ ਦੇ ਨਿਸ਼ਕਾਮ ਸੇਵਾ-ਭਾਵ ਨੂੰ ਭਾਈ ਘਨ੍ਹਈਆ ਜੀ ਦੇ ਸੇਵਾ ਭਾਵ ਦੇ ਮੋਟਿਫ਼ ਵਜੋਂ ਵਰਤਦਾ ਹੋਇਆ ਨਾਵਲਕਾਰ ਸੁੰਦਰੀ ਦੇ ਚਰਿੱਤਰ ਦਾ ਇਕ ਹੋਰ ਮਹੱਤਵਪੂਰਣ ਪਾਸਾਰ ਉਘਾੜਦਾ ਹੈ। ਉਹ ਜ਼ਖ਼ਮੀਆਂ ਦੀ ਸੇਵਾ ਕਰਦੇ ਸਮੇਂ ਜ਼ਾਤ ਜਾਂ ਧਰਮ ਨੂੰ ਆਧਾਰ ਨਹੀਂ ਬਣਾਉਂਦੀ ਤੇ ਹਿੰਦੂ (ਖੱਤਰੀ), ਮੁਸਲਮਾਨ ਆਦਿ ਸਭ ਨਾਲ ਇਕੋ ਜਿਹਾ ਵਿਹਾਰ ਕਰਦੀ ਹੈ। ਭਾਵੇਂ ਕਿ ਅਜਿਹਾ ਕਰਕੇ ਉਹ ਖ਼ੁਦ ਮੁਸੀਬਤ ਵਿਚ ਪੈ ਜਾਂਦੀ ਹੈ। ਭਾਈ ਵੀਰ ਸਿੰਘ ਸੁੰਦਰੀ ਦੇ ਚਰਿਤ੍ਰ ਵਿਖਿਆਨ ਰਾਹੀਂ ਸਿੱਖ ਔਰਤ ਦੇ ਸ਼ਕਤੀਸ਼ਾਲੀ ਬਿੰਬ ਦੀ ਪੇਸ਼ਕਾਰੀ ਕਰਦਾ ਹੋਇਆ ਇਹ ਦ੍ਰਿੜ੍ਹਾਉਂਦਾ ਹੈ ਕਿ ਜੋ ਧਰਮ ਦੀ ਰਾਹ ਤੇ ਚਲਦੇ ਹਨ, ਧਰਮ ਆਪ ਮੁਸੀਬਤ ਵੇਲੇ ਉਨ੍ਹਾਂ ਦਾ ਸਹਾਈ ਹੁੰਦਾ ਹੈ। ਸਿੱਖ ਧਰਮ ਦੀ ਆਦਰਸ਼ ਜੀਵਨ ਜਾਚ ਤਹਿਤ ਵਿਚਰਦੇ ਹੋਏ ਸੁੰਦਰੀ ਇਸਤਰੀ ਦਾ ਐਸਾ ਉਚੇਰਾ ਆਦਰਸ਼ ਬਿੰਬ ਹੋ ਨਿੱਬੜਦੀ ਹੈ ਜੋ ਮਹਿਜ਼ ਇਕ ਪਾਤਰ ਨਾ ਰਹਿ ਕੇ ਸਿੱਖ ਮਰਿਆਦਾ ਦੀ ਪ੍ਰਤੀਕ ਬਣ ਜਾਂਦੀ ਹੈ। ਜੇਕਰ ਸਿੱਖ ਪੰਥ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਨਾਇਕ ਬਣ ਉੱਘੜਦਾ ਹੈ ਤਾਂ ਸਿੱਖ ਮਰਿਆਦਾ ਉਸਦੀ ਨਾਇਕਾ ਸੁੰਦਰੀ ਹੈ।

## ਤੇਰੇ ਚਾਨਣੇ ਤੋਂ ਕਈ ਚੰਦ ਬਣ ਗਏ

***ਅਮਰ ਕੌਰ ਕਲਕਤਾ***

ਤੂੰ ਹੈਂ "ਬ੍ਰਹਸਪਤਿ" ਨਾਮ ਦਿਨ ਉਹੋ ਮਿਲਿਆ,
ਗੁਰੂ ਨਾਨਕ ਦੇ ਗ੍ਰਿਹ ਅਵਤਾਰ ਲੀਤਾ।
ਤੇਰੇ ਸਰਸ੍ਵਤੀ, ਲੱਛਮੀ ਵਾਸ ਲੀਤਾ,
ਮੇਲ ਦੋਹਾਂ ਨੇ ਆ ਤੇਰੇ ਦ੍ਵਾਰ ਕੀਤਾ।
"ਰਾਜ-ਜੋਗ" ਆਦਰਸ਼ ਹੈ ਗ੍ਰਿਹ ਤੇਰਾ,
ਬ੍ਰਹਮ ਵਿਦਯਾ ਦਾ ਤੁੰਹੀਂ ਪ੍ਰਚਾਰ ਕੀਤਾ।
ਮੇਘਾਂ ਢੱਕਿਆ "ਸੂਰਜ ਪ੍ਰਕਾਸ਼" ਨੂੰ ਸੀ,
ਸੂਰਜ ਚੰਦ ਤਕ ਕਵੀ ਉਜਿਆਰ ਕੀਤਾ।
ਤੇਰੀ "ਅਬਚਲੀ ਜੋਤ" ਤੋਂ ਕਈ ਜੋਤਾਂ,
ਜਗਮਗੀਆਂ ਘਰੀਂ ਆਨੰਦ ਬਣ ਗਏ।
ਤੇਰੀ ਸਰਸ੍ਵਤੀ ਦੀ ਵੀਣਾ ਜਦੋਂ ਵੱਜੀ,
ਚੌਹਾਂ ਪਾਸਿਓਂ ਛੰਦ ਹੀ ਛੰਦ ਬਣ ਗਏ।
ਪੂਰਨ ਸਿੰਘ ਨੂੰ ਪੂਰਨ ਵੀ ਤੁੰਹੀ ਕੀਤਾ,
ਖਿੜਿਆ ਕੰਵਲ ਤੇ ਕਈ ਮਕਰੰਦ ਬਣ ਗਏ।
ਐ ਕਵੀ ਸੰਸਾਰ ਦੇ ਸੂਰਜਾ ਵੇ !
ਤੇਰੇ ਚਾਨਣੇ ਤੋਂ ਕਈ ਚੰਦ ਬਣ ਗਏ।

# ਭਾਈ ਸਾਹਿਬ ਭਾਈ ਵੀਰ ਸਿੰਘ ਦੀ: ਨਾਰੀ-ਸੰਵੇਦਨਾ ਦੇ ਸੰਦਰਭ

*ਡਾ. ਗੁਰਨਾਮ ਕੌਰ ਬੇਦੀ*

ਭਾਈ ਵੀਰ ਸਿੰਘ ਆਧੁਨਿਕ ਭਾਰਤੀ ਸਾਹਿਤ ਦੇ ਨਿਰਮਾਤਾਵਾਂ ਵਿਚੋਂ ਇਕ ਸਨ ਉਤਰੀ ਭਾਰਤ ਦੇ ਸਾਹਿਤ, ਸਭਿਆਚਾਰ ਅਤੇ ਧਾਰਮਿਕ ਪਰਿਵਰਤਨਾਂ ਦੀ ਸੰਵੇਦਨਾ ਦਾ ਉਹ ਕੇਂਦਰ-ਬਿੰਦੂ ਵੀ ਸਨ। ਵੀਂਹਵੀਂ ਸਦੀ ਦੇ ਮੁੱਢਲੇ ਪੜਾਵਾਂ ਤੇ ਜਿਨ੍ਹਾਂ ਸ਼ਖ਼ਸੀਅਤਾਂ ਨੇ ਆਪਣੀ ਅਮਿੱਟ ਛਾਪ ਛੱਡੀ, ਉਨ੍ਹਾਂ ਵਿਚ ਭਾਈ ਸਾਹਿਬ ਦਾ ਨਾਂ ਸ਼ਾਮਿਲ ਹੈ।

ਭਾਈ ਵੀਰ ਸਿੰਘ ਦਾ ਸਾਹਿਤ ਉਪਰੋਕਤ ਪਰਿਵਰਤਨਾਂ ਵਲ ਕੇਵਲ ਸੰਕੇਤ ਹੀ ਨਹੀਂ ਕਰਦਾ ਬਲਕਿ ਉਨ੍ਹਾਂ ਦੀਆਂ ਆਪਣੀਆਂ ਸਾਹਿਤਿਕ ਰਚਨਾਵਾਂ ਵਿਚ ਇਨ੍ਹਾਂ ਦਾ ਵਡਮੁੱਲਾ ਝਲਕਾਰਾ ਪੈਂਦਾ ਹੈ। ਡਾ. ਹਰਬੰਸ ਸਿੰਘ ਨੇ ਭਾਈ ਸਾਹਿਬ ਦੀ ਸ਼ਖ਼ਸੀਅਤ ਦਾ ਵਰਣਨ ਕਰਦਿਆਂ ਇਹ ਸਵੀਕਾਰ ਕੀਤਾ ਹੈ ਕਿ ਭਾਈ ਸਾਹਿਬ ਦੀਆਂ ਰਚਨਾਵਾਂ ਸਉਦੇਸ਼ ਰਚੀਆਂ ਗਈਆਂ ਸਨ ਕਿਉਂਕਿ ਉਨ੍ਹਾਂ ਦੀ ਪਿੱਠਭੂਮੀ ਅਤੀਤ ਦੀਆਂ ਗੌਰਵ ਗਾਥਾਵਾਂ ਨਾਲ ਭਰੀ ਪਈ ਹੈ ਅਤੇ ਉਨ੍ਹਾਂ ਦੇ ਧਾਰਮਿਕ ਤੇ ਸਮਾਜਕ ਸੰਦਰਭ ਪਾਠਕਾਂ ਨੂੰ ਵਰਤਮਾਨ ਪਰਿਸਥਿਤੀਆਂ ਤੋਂ ਭਲੀ ਭਾਂਤੀ ਜਾਣੂ ਕਰਵਾਉਂਦੇ ਹਨ। ਇਸਤ੍ਰੀ ਗੌਰਵ ਦਾ ਵਰਤਾਰਾ ਇਨ੍ਹਾਂ ਵਿਚ ਸਭ ਤੋਂ ਵਧ ਪੰਜਾਬੀ ਸਮਾਜ ਦਾ ਧਿਆਨ ਖਿੱਚਦਾ ਹੈ। ਸਿੰਘ ਸਭਾ ਲਹਿਰ ਇਸਤ੍ਰੀ ਸੁਤੰਤਰਤਾ ਦੀ ਨਵੀਨ ਦ੍ਰਿਸ਼ਟੀ ਨੂੰ ਵੀ ਮਹੱਤਵਪੂਰਨ ਮੰਨਦੀ ਹੈ। ਭਾਈ ਸਾਹਿਬ ਦੇ ਕਥਾ-ਸਾਹਿਤ ਦੇ ਕੇਂਦਰ ਵਿਚ ਨਾਰੀ ਦਾ ਬਦਲਦਾ ਪਰਿਪੇਖ ਨਵੇਂ ਜ਼ਾਵੀਏ ਤੋਂ ਪੇਸ਼ ਹੋਇਆ ਹੈ। 'ਸੁੰਦਰੀ' ਨਾਵਲ ਇਸਦੀ ਸਫਲ ਉਦਾਹਰਣ ਹੈ।

ਭਾਈ ਸਾਹਿਬ ਦੇ ਯੁੱਗ ਦੇ ਕਥਾ ਸਾਹਿਤ ਨੂੰ ਸਮਾਜ ਸੁਧਾਰ ਦਾ ਕਥਾ ਸਾਹਿਤ ਕਹਿ ਕੇ ਜਿਥੇ ਇਸਦੀ ਸਮਾਜਕ ਸੁਰ ਨੂੰ ਕ੍ਰਾਂਤੀਕਾਰੀ ਮੰਨਿਆ ਗਿਆ ਉਥੇ ਸਮਾਜ-ਸ਼ਾਸਤਰ ਦੀ ਦ੍ਰਿਸ਼ਟੀ ਤੋਂ ਇਸਦੀ ਸਮਾਜਕ ਪਕੜ ਨੂੰ ਅਣਗੌਲਿਆਂ ਵੀ ਕੀਤਾ ਗਿਆ। ਭਾਈ ਸਾਹਿਬ ਦੁਆਰਾ ਰਚਿਤ ਨਾਵਲ 'ਸੁੰਦਰੀ' ਉਪਰੋਕਤ ਸੀਮਾਵਾਂ ਦੀ ਉਲੰਘਣਾ ਕਰਕੇ ਇਕ ਵਿਲੱਖਣ ਨਾਇਕਾ ਨੂੰ ਸਮਾਜਕ ਰੁਤਬਾ ਦੇਂਦਾ ਹੈ। ਸਿੱਖ ਧਰਮ ਵਿਚ ਔਰਤ ਦੀ ਆਜ਼ਾਦੀ ਦੇ ਸੰਕਲਪ ਨੂੰ ਸਮੇਂ ਦੇ ਹਾਣ ਮੁਤਾਬਕ ਇਹ ਨਾਵਲ ਪ੍ਰਸਤੁਤ ਕਰਨ ਵਿਚ ਕਾਮਯਾਬ ਵੀ ਹੈ। ਨਾਇਕਾ ਪ੍ਰਧਾਨ ਨਾਵਲ ਦੀ ਰਵਾਇਤ ਵੀ 'ਸੁੰਦਰੀ' ਨਾਵਲ ਨਾਲ ਪੈਂਦੀ ਹੈ। ਉਸੇ ਵੇਲੇ ਪੰਜਾਬ ਵਿਚ ਪੰਡਿਤ ਸ਼ਰਧਾ ਰਾਮ ਫਿਲੌਰੀ ਹਿੰਦੀ ਦੇ ਜਿਸ ਪਹਿਲੇ ਨਾਵਲ ਨੂੰ ਰਚਦਾ ਹੈ ਉਸਦਾ ਨਾਂ ਵੀ ਭਾਗਯਵਤੀ ਹੈ। ਨਾਇਕ ਪ੍ਰਧਾਨ ਸੁਤੰਤਰ ਇਸਤ੍ਰੀ ਸੋਚ ਦਾ ਪ੍ਰਥਮ ਸੰਵਾਦ ਪੰਜਾਬ ਦੀ ਧਰਤੀ ਤੇ ਲਿਖੇ ਗਏ ਇਨ੍ਹਾਂ ਦੋਹਾਂ ਨਾਵਲਾਂ ਰਾਹੀਂ ਨਵੇਂ ਧਾਰਤਲ ਦੀ ਬਹੁਪੱਖੀ ਵਿਵਹਾਰਕਤਾ ਪ੍ਰਦਾਨ ਕਰਦਾ ਹੈ।

ਸਿੱਖ ਸਭਿਆਚਾਰ ਦੀ ਦ੍ਰਿਸ਼ਟੀ ਤੋਂ ਭਾਈ ਸਾਹਿਬ ਦੇ ਨਾਵਲ ਸੁੰਦਰੀ ਦੀ ਕਥਾ-ਵਸਤੂ ਨਵੀਨ ਅਤੇ ਯੁਗੀਨ ਸੰਦਰਭਾਂ ਨੂੰ ਇਤਿਹਾਸਕ, ਧਾਰਮਿਕ, ਅਧਿਆਤਮਕ ਦ੍ਰਿਸ਼ਟੀ ਤੋਂ ਇਕ ਦੂਜੇ ਦੇ ਪੂਰਕ ਬਣਾਉਣ ਵਿਚ ਵੀ ਸਹਾਇਕ ਹੁੰਦੀ ਹੈ। 'ਗੁਰੂ ਪ੍ਰਤਾਪ ਸੂਰਜ' ਦੇ ਸੰਪਾਦਨ ਦੀਆਂ ਟਿੱਪਣੀਆਂ ਵਿਚ ਵੀ ਇਸ ਸਮਾਜਕ ਪਰਿਵਰਤਨ ਦੀ ਸੰਵੇਦਨਾ ਨੂੰ ਦੇਖਿਆ ਜਾ ਸਕਦਾ ਹੈ। 'ਰਾਜਾ ਲਖਦਾਤਾ ਸਿੰਘ' ਦੀ ਇਤਿਹਾਸਕਤਾ ਦੀ ਪਿੱਠਭੂਮੀ ਨਾਰੀ ਸੁਤੰਤਰਤਾ ਦੇ ਇਤਿਹਾਸ ਨਾਲ ਨੇਪਰੇ ਚੜ੍ਹਦੀ ਹੈ। ਭਾਈ ਸਾਹਿਬ ਵੱਲੋਂ ਰਚਿਤ ਸਾਖੀਆਂ ਵਿਚ ਵੀ ਅਸੀਂ ਨਾਰੀ ਸਸ਼ਕਤੀਕਰਨ ਦੇ ਉਨ੍ਹਾਂ ਮੁੱਦਿਆਂ ਤੋਂ ਪ੍ਰਭਾਵਿਤ ਹੁੰਦੇ ਹਾਂ, ਜਿਥੇ ਸੁਤੰਤਰ ਨਾਰੀ ਹੋਂਦ ਆਪਣੇ ਗੌਰਵ ਨੂੰ ਪਛਾਣਦੀ ਹੈ। ਇਨ੍ਹਾਂ ਵਾਰਤਾਵਾਂ ਦੀ ਵਿਸ਼ੇ-ਸਾਮਗ੍ਰੀ ਪੰਜਾਬ ਵਿਚ ਨਾਰੀਵਾਦ ਦੇ ਵੱਖਰੇ ਅੰਦੋਲਨ ਨੂੰ ਜਨਮ ਵੀ ਦੇਂਦੀ ਹੈ। ਭਾਈ ਸਾਹਿਬ ਨੇ ਨਾਰੀ ਦੇ ਵਿਭਿੰਨ ਰੂਪਾਂ ਨੂੰ ਆਪਣੀਆਂ ਵਾਰਤਾਵਾਂ ਦਾ ਹਿੱਸਾ ਬਣਾਇਆ ਅਤੇ ਵੀਰਾਂਗਨਾ ਦੇ ਚਾਰਿਤਰਕ ਗੁਣਾ ਨੂੰ ਪ੍ਰੇਰਨਾਮਈ ਪ੍ਰਸੰਗਾਂ ਰਾਹੀਂ ਖਾਲਸਾ ਟ੍ਰੈਕਟਾਂ ਰਾਹੀਂ ਘਰ ਘਰ ਪਹੁੰਚਾਇਆ। 'ਨਿਰਗੁਣੀਆਰਾ' ਦੇ ਅਨੇਕ ਪੁਰਾਤਨ ਅੰਕਾਂ ਵਿਚ ਇਹ ਸਾਖੀ-ਵਾਰਤਾਵਾਂ ਅੱਜ ਵੀ ਨਾਰੀ ਜਾਗ੍ਰਤੀ ਪ੍ਰਤੀ ਸੁਚੇਤ ਕਰਦੀਆਂ ਹਨ। ਮਾਂ ਦੀ ਮਹਾਨਤਾ ਨੂੰ ਭਾਈ ਸਾਹਿਬ ਨੇ ਆਪਣੀਆਂ ਕਾਵਿ-ਰਚਨਾਵਾਂ ਵਿਚ ਵੀ ਰੇਖਾਂਕਿਤ ਕੀਤਾ ਹੈ। ਜੇ ਗਹੁ ਨਾਲ ਦੇਖਿਆ ਜਾਵੇ ਤਾਂ ਭਾਈ ਸਾਹਿਬ ਦਾ ਨਾਰੀ ਸੰਸਾਰ ਨੈਤਿਕ ਕਦਰਾਂ-ਕੀਮਤਾਂ ਦੀ ਸਥਾਪਤੀ ਨਾਲ ਉਠਿਆ ਹੋਇਆ ਉਹ ਮਹਾਨ ਕਦਮ ਹੈ, ਜਿਸਦੀ ਪ੍ਰਾਸੰਗਿਕਤਾ ਪਰਵਰਤੀ ਪੰਜਾਬੀ ਸਾਹਿਤ ਦੇ ਨਾਰੀਵਾਦੀ ਰੁਝਾਨਾ ਵਿਚ ਅੱਜ ਵੀ ਪ੍ਰਤੱਖ ਹੈ। ਇਕ ਗੱਲ ਹੋਰ ਵੀ ਪੰਜਾਬੀ ਆਲੋਚਕਾਂ ਦਾ ਧਿਆਨ ਖਿੱਚਦੀ ਹੈ ਕਿ ਭਾਈ ਸਾਹਿਬ ਦੇ ਨਾਰੀ ਪਾਤਰ ਇਸਤ੍ਰੀ ਚਰਿੱਤਰ ਦੀ ਵਿਲੱਖਣਤਾ ਨੂੰ ਬੁਨਿਆਦੀ ਪੰਜਾਬੀਅਤ ਦੀ ਸ਼ਕਤੀ ਤੋਂ ਵੀ ਪਾਠਕਾਂ ਨੂੰ ਜਾਣੂ ਕਰਵਾਉਂਦੇ ਹਨ। ਗੁਰੂ-ਘਰ ਵਿਚ ਪ੍ਰਸਤੁਤ ਨਾਰੀ ਦਾ ਉਦਾਰਵਾਦੀ ਚਰਿੱਤਰ ਪੰਜਾਬੀ ਕਥਾ ਸਾਹਿਤ ਵਿਚ ਇਸ ਤਰ੍ਹਾਂ ਪ੍ਰਸਤੁਤ ਹੁੰਦਾ ਹੈ, ਜਿਵੇਂ ਪੜਾਅ ਦਰ ਪੜਾਅ ਇਤਿਹਾਸਕ ਯੁੱਗ ਉਸ ਪਰਿਪੇਖ ਨੂੰ ਪੇਸ਼ ਕਰ ਰਿਹਾ ਹੋਵੇ। ਪਰਵਰਤੀ ਕਥਾ ਸਾਹਿਤ ਤੇ ਭਾਈ ਸਾਹਿਬ ਦੇ ਨਾਰੀ ਚਰਿੱਤਰਾਂ ਦਾ ਸਿੱਧਾ ਪ੍ਰਭਾਵ ਪਿਆ ਹੈ। ਨਾਨਕ ਸਿੰਘ ਦੇ ਇਸਤ੍ਰੀ ਪਾਤਰਾਂ ਦੀ ਪ੍ਰਕ੍ਰਿਤੀ ਨੂੰ ਇਸ ਪਰਿਪੇਖ ਰਾਹੀਂ ਵੀਂ

---

ਪ੍ਰਿੰਸੀਪਲ ਸਰਕਾਰੀ ਕਾਲਜ ਅਜਨਾਲਾ, ਅੰਮ੍ਰਿਤਸਰ

ਸਮਝਿਆ ਜਾ ਸਕਦਾ ਹੈ। ਇਸ ਪਰਿਪੇਖ ਦਾ ਦੂਜਾ ਪਾਸਾਰ ਸ੍ਰ ਜਗਜੀਤ ਸਿੰਘ ਗੁਲੇਰੀਆ ਵਲੋਂ ਲਿਖਿਤ ਪੁਸਤਕ 'ਪ੍ਰਸੰਗਲੀਆਂ ' ਵਿਚ ਦੇਖਿਆ ਜਾ ਸਕਦਾ ਹੈ। ਪ੍ਰਸਤੁਤ ਪੁਸਤਕ ਵਿਚ ਲੇਖਕ ਨੇ ਭਾਈ ਸਾਹਿਬ ਭਾਈ ਵੀਰ ਸਿੰਘ ਦੇ ਸੰਪਰਕ ਵਿਚ ਰਹਿਣ ਵਾਲੀਆਂ ਬੀਬੀਆਂ ਦਾ ਉਲੇਖ ਕੀਤਾ ਹੈ। ਇਨ੍ਹਾਂ ਵਿਚ ਬੀਬੀ ਸੰਤ ਜੀ, ਬੀਬੀ ਤੇਜਾ ਜੀ, ਮਾਈ ਗੁਜਰੀ ਜੀ, ਬੀਬੀ ਅਮਰਾ ਜੀ, ਮਾਈ ਗੌਰੀ ਜੀ, ਬੀਬੀ ਮਾਇਆ ਜੀ, ਬੀਬੀ ਭਜਨ ਕੌਰ ਜੀ, ਬੀਬੀ ਦਿਆਲ ਕੌਰ ਜੀ- ਇਹ ਸਾਰੀਆਂ ਬੀਬੀਆਂ ਕਿਸੇ ਨਾ ਕਿਸੇ ਕਾਰਨ ਵੱਸ ਭਾਈ ਸਾਹਿਬ ਦੇ ਸੰਪਰਕ ਵਿਚ ਆਈਆਂ। ਇਨ੍ਹਾਂ ਨੇ ਭਾਈ ਸਾਹਿਬ ਤੋਂ ਅਧਿਆਤਮਕ ਤੇ ਉਚ ਨੈਤਿਕ ਸਿੱਖਿਆ ਵੀ ਗ੍ਰਹਿਣ ਕੀਤੀ । ਦੂਜੇ ਪਾਸੇ ਭਾਈ ਸਾਹਿਬ ਦੇ ਜੀਵਨ-ਵਿਵਹਾਰ ਤੋਂ ਘਰ, ਪਰਿਵਾਰ ਤੇ ਸਮਾਜ ਵਿਚ ਕਿਵੇਂ ਸ੍ਵੈਮਾਨ ਨਾਲ ਜੀਵਿਆ ਜਾ ਸਕਦਾ ਹੈ, ਇਹ ਸਬਕ ਵੀ ਪੜ੍ਹਿਆ। ਬੀਬੀ ਦਿਆਲ ਕੌਰ ਜੀ ਕਾਬਲ ਦੇ ਰਹਿਣ ਵਾਲੇ ਸਨ। ਭਾਈ ਸਾਹਿਬ ਦੀ ਉਚ ਸਖਸ਼ੀਅਤ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹ ਦੇਸ਼ ਦੀ ਵੰਡ ਪਿੱਛੋਂ ਪਟਿਆਲੇ ਵਸ ਗਏ ਅਤੇ ਭਾਈ ਸਾਹਿਬ ਦੇ ਦਰਸ਼ਨਾਂ ਲਈ ਨਿਰੰਤਰ ਅੰਮ੍ਰਿਤਸਰ ਆਉਂਦੇ ਸਨ। ਉਹ ਦਿਨ-ਰਾਤ ਨਾਮ ਜਪਦੇ ਸਨ। ਇਕ ਵਾਰ ਭਾਈ ਸਾਹਿਬ ਨੇ ਪੁੱਛਿਆ ਕਿ ਮਾਲੀ ਹਾਲਤ ਕਿੱਦਾਂ ਦੀ ਹੈ ? ਤਾਂ ਬੀਬੀ ਦਿਆਲ ਕੌਰ ਜੀ ਨੇ ਕਿਹਾ ਕਿ ਸਭ ਕੁਝ ਉਥੇ ਹੀ ਗਵਾ ਆਏ ਹਾਂ, ਸਿਰਫ ਤਿੰਨ ਕਪੜਿਆਂ ਵਿਚ ਇਧਰ ਵਸਣ ਦੀ ਕੋਸ਼ਿਸ਼ ਕਰ ਰਹੇ ਹਾਂ। ਭਾਈ ਸਾਹਿਬ ਨੇ ਕਿਹਾ-ਪੱਲੇ ਤੇਰੇ ਨਾਮ ਤੇ ਹੈ ? ਬੀਬੀ ਦਿਆਲ ਕੌਰ ਨਾਮ-ਬਾਣੀ ਦੇ ਸਦਕੇ ਸੁਖੀ ਜ਼ਿੰਦਗੀ ਗੁਜਾਰਦੀ ਰਹੀ। ਇਸ ਤਰ੍ਹਾ ਮਾਈ ਗੁਜਰੀ ਜੀ ਬਚਪਨ ਤੋਂ ਹੀ ਦਰਬਾਰ ਸਾਹਿਬ ਦੀ ਪ੍ਰੇਮਣ ਤੇ ਨੇਮਣ ਸੀ ਪਰ ਮਾਤਾ ਗੁਜਰੀ ਦਾ ਪਤੀ ਇਨ੍ਹਾਂ ਸਾਰੀਆਂ ਗੱਲਾਂ ਨੂੰ ਪਸੰਦ ਨਹੀਂ ਸੀ ਕਰਦਾ। ਮਾਈ ਗੁਜਰੀ ਜੀ ਭਾਈ ਸਾਹਿਬ ਤੇ ਅਟੁਟ ਵਿਸ਼ਵਾਸ਼ ਰਖਦੀ ਸੀ। ਮਾਈ ਗੁਜਰੀ ਦੇ ਪਤੀ ਨੇ ਜਦੋਂ ਭਾਈ ਸਾਹਿਬ ਦੇ ਦਰਸ਼ਨ ਕੀਤੇ ਤਾਂ ਉਸਨੂੰ ਵੀ ਗੁਰਮਤਿ ਦੀ ਰੰਗਣ ਚੜ੍ਹ ਗਈ ਤੇ ਬਾਣੀ ਦੇ ਲੜ ਲਗ ਕੇ ਉਹ ਵੀ ਚੰਗੀ ਤੇ ਸੁਚੱਜੀ ਜ਼ਿੰਦਗੀ ਗੁਜ਼ਾਰਨ ਲਗ ਗਿਆ। ਇਸ ਤਰ੍ਹਾਂ ਬੀਬੀ ਅਮਰਾ ਜੀ ਦਾ ਜੀਵਨ ਵੀ ਭਾਈ ਸਾਹਿਬ ਦੇ ਸੰਪਰਕ ਵਿਚ ਆਉਣ ਨਾਲ ਉਚ ਕਦਰਾਂ-ਕੀਮਤਾਂ ਦਾ ਧਾਰਨੀ ਬਣਿਆ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵਿਧਵਾਵਾਂ, ਨਿਆਸਰੀਆਂ ਅਤੇ ਜ਼ਿੰਦਗੀ ਤੋਂ ਉਕਤਾਈਆਂ ਹੋਈਆਂ ਇਸਤ੍ਰੀਆਂ ਨੂੰ ਵੀ ਬਣਦਾ-ਸਰਦਾ ਸਹਿਯੋਗ ਤੇ ਸਨਮਾਨ ਦੇਂਦੇ ਸਨ। ਮਾਈ ਗੌਰੀ ਇਸਦੀ ਸਰਵੋਤਮ ਉਦਾਹਰਨ ਹੈ। ਬਾਲ-ਵਿਧਦਾ, ਪੇਸ਼ਾਵਰ ਦੀ ਰਹਿਣ ਵਾਲੀ ਤੇ ਭਾਈ ਸਾਹਿਬ ਦੇ ਪਰਿਵਾਰ ਦੀ ਸੇਵਿਕਾ। ਅਨਪੜ੍ਹ ਹੋਣ ਦੇ ਬਾਵਜੂਦ ਮਾਈ ਗੌਰੀ ਜੀ ਭਾਈ ਸਾਹਿਬ ਤੋਂ ਪ੍ਰੇਰਣਾ ਲੈ ਕੇ ਰੋਜ਼ ਜੁਪਜੀ ਸਾਹਿਬ ਦੇ 21 ਪਾਠ ਕਰਦੀ ਸੀ। ਘਰ ਵਿਚ ਮਾਈ ਗੌਰੀ ਜੀ ਕੋਲੋਂ ਵੱਡੇ ਤੋਂ ਵੱਡਾ ਨੁਕਸਾਨ ਵੀ ਹੋ ਜਾਏ ਤਾਂ ਭਾਈ ਸਾਹਿਬ ਖਿੜੇ ਮੱਥੇ ਸਹਿਜ ਰੂਪ ਵਿੱਚ ਲੈਂਦੇ ਸਨ। ਭਾਈ ਸਾਹਿਬ ਵਿਵਹਾਰ ਵਿਚ ਵੀ ਨਾਰੀ ਜਾਤੀ ਪ੍ਰਤੀ ਬਹੁਤ ਇਜ਼ਤ ਵਾਲਾ ਰਵੱਈਆ ਰਖਦੇ ਸਨ। 'ਪ੍ਰਸੰਗਲੀਆਂ' ਵਿਚ ਅਜਿਹੇ ਨਾਰੀ-ਪਾਤਰਾਂ ਦਾ ਬਿਰਤਾਂਤ ਪੜ੍ਹ ਕੇ ਭਾਈ ਸਾਹਿਬ ਦੀ ਨਾਰੀ ਪ੍ਰਤੀ ਉਸ ਦ੍ਰਿਸ਼ਟੀ ਦਾ ਪਤਾ ਲੱਗਦਾ ਹੈ, ਜਿਸ ਸਦਕਾ ਉਨ੍ਹਾਂ ਨੇ ਆਪਣੇ ਕਥਾ-ਸਾਹਿਤ ਦੀਆਂ ਅਮਰ ਨਾਰੀ ਪਾਤਰਾਵਾਂ ਦੀ ਰਚਨਾ ਕੀਤੀ। ਭਾਈ ਸਾਹਿਬ ਦੀਆਂ ਨਾਰੀ ਪਾਤ੍ਰਾਵਾਂ ਵਿਚ ਅਜਿਹੇ ਚਰਿਤਰਕ ਗੁਣ ਤਾਂ ਹੀ ਆਏ ਕਿਉਂਕਿ ਉਨ੍ਹਾਂ ਨੇ ਆਪਣੇ ਜੀਵਨ ਅਨੁਭਵ ਦੇ ਵਿਵਹਾਰਨ ਪੱਖਾਂ ਨੂੰ ਵੀ ਕਥਾ-ਵਸਤੂ ਦਾ ਹਿੱਸਾ ਬਣਾਇਆ । ਭਾਈ ਸਾਹਿਬ ਦੀ ਕਥਾ-ਚੇਤਨਾ ਵਿਚ ਗੁਰੂ ਘਰ ਦੀਆਂ ਵਰੋਸਾਈਆਂ, ਉਨ੍ਹਾਂ ਮਹਾਨ ਮਹਿਲਾਵਾਂ ਦਾ ਪ੍ਰਭਾਵ ਵੀ ਚਰਿਤਾਰਥ ਹੁੰਦਾ ਹੈ, ਜਿਨ੍ਹਾਂ ਸਦਕਾ ਗੁਰੂ ਘਰ ਦੀ ਨਾਰੀ ਪ੍ਰਤੀ ਸਵਸਥ ਵਿਚਾਰਧਾਰਾ ਦਾ ਪ੍ਰਸਾਰ ਹੋਇਆ। ਨਾਰੀ ਪ੍ਰਤੀ ਭਾਈ ਸਾਹਿਬ ਦੀ ਸੂਖਮ ਦ੍ਰਿਸ਼ਟੀ ਆਧੁਨਿਕ ਪ੍ਰਸੰਗਾਂ ਵਿਚ ਭਾਵੇਂ ਉਵੇਂ ਨਾ ਵੀ ਪੇਸ਼ ਹੋਈ ਹੋਵੇ ਪ੍ਰੰਤੂ ਇਸ ਵਿਚਾਰ ਦੀ ਪ੍ਰੋੜ੍ਹਤਾ ਆਧੁਨਿਕ ਸਮੱਸਿਆਵਾਂ ਦਾ ਸਾਮ੍ਹਣਾ ਕਰਦੀ ਨਾਰੀ ਦੀ ਗਾਥਾ ਵਿਚ ਵਿਭਿੰਨ ਰੂਪਾਂ ਵਿਚ ਰੁਪਾਂਤਰ ਹੁੰਦੀ ਸਪੱਸ਼ਟ ਦਿਖਾਈ ਦੇਂਦੀ ਹੈ। 20ਵੀਂ ਸਦੀ ਦੇ ਆਰੰਭ ਵਿਚ ਪੂਰੀ ਦੁਨੀਆਂ ਨਾਰੀ ਦੀ ਹੋਂਦ ਪ੍ਰਤੀ ਕਈ ਸਮਾਜਕ ਅੰਦੋਲਨਾ ਰਾਹੀਂ ਜਾਗਰੂਕ ਹੋ ਰਹੀ ਸੀ ਭਾਈ ਸਾਹਿਬ ਨੇ ਪੰਜਾਬੀ ਸੰਸਕ੍ਰਿਤੀ ਅਤੇ ਗੁਰਮਤਿ ਵਿਚਾਰਧਾਰਾ ਦੀ ਇਤਿਹਾਸਕ ਦ੍ਰਿਸ਼ਟੀ ਤੋਂ ਨਾਰੀ ਸਾਮ੍ਹਣੇ ਦਰਪੇਸ਼ ਚੁਣੌਤੀਆਂ ਨੂੰ ਆਪਣੇ ਸਾਹਿਤ ਰਾਹੀਂ ਪ੍ਰਾਸੰਗਿਕ ਬਣਾਇਆ।

ਭਾਈ ਸਾਹਿਬ ਦੀ ਨਾਰੀ-ਸੰਵੇਦਨਾ ਬਾਰੇ ਇਕ ਗੱਲ ਹੋਰ ਵੀ ਸਮਝਣ ਵਾਲੀ ਹੈ ਕਿ ਵਿਸ਼ਵ ਵਿਚ ਜਿੰਨੇ ਵੀ ਅੰਦੋਲਨ ਨਾਰੀ ਨਾਲ ਸੰਬੰਧਿਤ ਗਤੀਸ਼ੀਲ ਹੋਏ, ਉਹ ਭਾਵੇਂ ਨਾਰੀਵਾਦ ਹੋਵੇ ਜਾਂ ਨਾਰੀ ਸਸ਼ਕਤੀਕਰਨ, ਇਹ ਸਾਰੇ ਇਕਪਾਸੜ ਸਨ। ਇਨ੍ਹਾਂ ਅੰਦੋਲਨਾਂ ਨੇ ਕਿਤੇ ਨਾਰੀ ਨੂੰ ਬਾਜ਼ਾਰ ਨਾਲ ਜੋੜ ਦਿੱਤਾ ਕਿਤੇ ਨਾਰੀ ਵਸਤੂ ਬਣਕੇ ਰਹਿ ਗਈ। ਸਭ ਤੋਂ ਵੱਡਾ ਖੋਰਾ ਨਾਰੀ ਦੀ ਹੋਂਦ ਨੂੰ ਉਸ ਵੇਲੇ ਲਗਾ ਜਦੋਂ ਉਹ ਘਰ-ਪਰਿਵਾਰ ਤੋਂ ਟੁੱਟ ਕੇ ਆਪਣੇ ਅਸਤਿਤ੍ਵ ਤੋਂ ਵੀ ਵਾਂਝੀ ਹੋ ਗਈ ਪ੍ਰੰਤੂ ਭਾਈ ਸਾਹਿਬ ਦੀ ਸੋਚ ਵਿੱਚ ਨਾਰੀ ਵਿਕਾਸ ਦੇ ਮੂਲ ਸਰੋਕਾਰ ਸਿੱਖ ਪਰੰਪਰਾ ਅਤੇ ਧਾਰਮਿਕ ਬੁਨਿਆਦਾਂ ਦੇ ਆਧਾਰ ਤੇ ਉਸਰਦੇ ਦਿਖਾਈ ਦੇਂਦੇ ਹਨ ਅਤੇ ਇਹ ਸਭ ਕੁਝ ਨਾਰੀ ਜਾਗ੍ਰਿਤੀ ਦੀ ਚੜ੍ਹਦੀ ਕਲਾ ਦੇ ਪੱਖ ਵਿਚ ਹੈ। ਭਾਈ ਸਾਹਿਬ ਦਾ ਨਾਰੀ ਸੰਬੰਧੀ ਦ੍ਰਿਸ਼ਟੀਕੋਣ ਇਸਤ੍ਰੀ ਦੇ ਸਮਾਜਕ ਰੁਤਬੇ ਨੂੰ ਸਥਾਪਤ ਕਰਦਾ ਹੈ, ਆਤਮਿਕ ਉੱਚਤਾ ਤੇ ਬਲ ਦੇਂਦਾ ਹੈ ਅਤੇ ਨਾਰੀ-ਸਿੱਖਿਆ ਨੂੰ ਨਾਰੀ ਜਾਗ੍ਰਿਤੀ ਦਾ ਮੂਲ ਆਧਾਰ ਮੰਨਦਾ ਹੈ।

❑❑❑

# ਭਾਈ ਵੀਰ ਸਿੰਘ ਜੀ ਦੀਆਂ ਕਿਰਤਾਂ ਵਿਚ ਨਾਰੀ ਦਾ ਸਿੱਖ ਆਦਰਸ਼

(ਰਾਣਾ ਸੂਰਤ ਸਿੰਘ ਦੀ ਨਾਇਕਾ ਰਾਣੀ ਰਾਜ ਕੌਰ ਦੇ ਰਾਹੀਂ)

***ਡਾ. ਰਾਜਿੰਦਰ ਜੀਤ ਕੌਰ ਢੀਂਡਸਾ***

ਉਨ੍ਹੀਵੀਂ ਸਦੀ ਵਿਚ ਪੈਦਾ ਹੋਏ ਭਾਈ ਵੀਰ ਸਿੰਘ ਜੀ ਵੀਹਵੀਂ ਸਦੀ ਦੇ ਪੰਜਾਬੀ ਸਾਹਿੱਤ ਗਗਨ ਤੇ ਇਕ ਸਿਤਾਰੇ ਵਾਂਗ ਚਮਕੇ। ਇਸ ਚਮਕ ਨੂੰ ਸਮਕਾਲੀ ਸਾਹਿੱਤਕਾਰਾਂ ਨੇ ਉਨ੍ਹਾਂ ਦੀ ਸੰਗਤ ਦੀ ਛੁਹ ਰਾਹੀਂ ਮਾਣਿਆ। ਧਨੀ ਰਾਮ ਚਾਤ੍ਰਿਕ ਜੀ ਚੋਖਾ ਚਿਰ ਆਪ ਜੀ ਦੀ ਦੇ ਨਾਲ ਵਜ਼ੀਰ ਹਿੰਦ ਪ੍ਰੈਸ ਵਿਚ ਕਾਰਜਸ਼ੀਲ ਰਹੇ। ਪ੍ਰੋਫੈਸਰ ਪੂਰਨ ਸਿੰਘ ਉਨ੍ਹਾਂ ਪਹੁੰਚੀਆਂ ਰੂਹਾਂ ਵਿਚੋਂ ਹਨ ਜਿਨ੍ਹਾਂ ਨੇ ਭਾਈ ਵੀਰ ਸਿੰਘ ਜੀ ਦੇ ਜੀਵਨ ਅਤੇ ਲੇਖਣੀ ਤੋਂ ਪ੍ਰਭਾਵਤ ਹੋਕੇ ਜੀਵਨ ਹੀ ਨਹੀਂ ਜੀਵਿਆ ਸਗੋਂ ਆਪਣੀ ਕਲਮ ਨੂੰ ਖੁੱਲ੍ਹੀ ਕਵਿਤਾ ਦੇ ਪਹੇ ਪਾ ਲਿਆ ਜੋ ਅੱਜ ਤਕ ਕਈ ਨਵੇਂ ਕਲਮਕਾਰਾਂ ਲਈ ਪ੍ਰੇਰਨਾ ਦਾ ਸੋਮਾ ਚਲਿਆ ਆ ਰਿਹਾ ਹੈ।

ਜਦੋਂ ਭਾਈ ਵੀਰ ਸਿੰਘ ਜੀ ਨੇ ਸਾਹਿੱਤਕ ਖੇਤਰ ਵਲ ਕਦਮ ਰੱਖਿਆ ਤਾਂ ਪੰਜਾਬ ਵਿਚ ਈਸਾਈ ਮਿਸ਼ਨ ਦਾ ਪ੍ਰਚਾਰ ਜ਼ੋਰਾਂ ਤੇ ਸੀ। ਆਪ ਜੀ ਨੇ ਅੰਗਰੇਜ਼ੀ ਸਾਹਿੱਤ ਵੀ ਪੜ੍ਹਿਆ। ਫਿਰ ਆਪ ਜੀ ਨੇ ਆਪਣੇ ਪਰਿਵਾਰਕ ਵਿਰਸੇ ਨੂੰ ਅੱਗੇ ਤੋਰਦੇ ਹੋਏ ਸਿੱਖ ਇਤਿਹਾਸ ਅਤੇ ਆਪਣੀ ਅਮੀਰ ਸਿੱਖ ਵਿਰਾਸਤ ਨੂੰ ਕਲਮ ਰਾਹੀਂ ਲੋਕਾਈ ਤਕ ਪਹੁੰਚਾਉਣ ਦਾ ਬੀੜਾ ਚੁਕ ਲਿਆ।

ਸੰਨ 1894 ਵਿਚ 22 ਵਰ੍ਹਿਆਂ ਦੇ ਇਸ ਨੌਜਵਾਨ ਨੇ ਸਰਕਾਰੀ ਨੌਕਰੀ ਦੀ ਤਲਾਸ਼ ਵਿਚ ਪੈਣ ਦੀ ਥਾਂ ਖ਼ਾਲਸਾ ਟ੍ਰੈਕਟ ਸੁਸਾਇਟੀ ਕਾਇਮ ਕਰਕੇ ਆਪਣੇ ਧਾਰਮਿਕ ਵਿਚਾਰ ਟ੍ਰੈਕਟਾਂ ਰਾਹੀਂ ਪਾਠਕਾਂ ਵਿਚ ਵੰਡਣੇ ਸ਼ੁਰੂ ਕਰ ਦਿੱਤੇ। ਸਾਹਿੱਤ ਰਚਨਾ ਰਾਹੀਂ ਸਮਾਜ ਸੁਧਾਰ ਅਤੇ ਧਾਰਮਿਕ ਖੇਤਰ ਵਿਚ ਆਪ ਜੀ ਦੀ ਇਹ ਸੇਵਾ ਯਾਦ ਰੱਖਣ ਯੋਗ ਹੈ। ਇਹ ਸੇਵਾ ਆਪ ਜੀ ਨੇ ਆਪਣੇ ਵਿਰਸੇ, ਆਪਣੇ ਪਿਤਾ ਜੀ ਅਤੇ ਆਪਣੇ ਨਾਨਾ ਜੀ ਤੋਂ ਪ੍ਰਾਪਤ ਕੀਤਾ ਸੀ ਜਿਸ ਨੂੰ ਭਾਈ ਮੋਹਨ ਸਿੰਘ ਵੈਦ ਨੇ ਵੀ ਅਪਣਾ ਕੇ ਸਾਹਿੱਤ ਸੇਵਾ ਰਾਹੀਂ ਸਮਾਜ ਸੁਧਾਰ ਵਲ ਕਦਮ ਚੁਕਿਆ ਸੀ।

ਸੰਨ 1897 ਵਿਚ ਸੁੰਦਰੀ ਨਾਵਲ ਨਾਲ ਆਪ ਜੀ ਨੇ ਆਧੁਨਿਕ ਨਾਵਲ ਜਗਤ ਵਿਚ ਪ੍ਰਵੇਸ਼ ਕੀਤਾ। ਮਗਰੋਂ ਆਪ ਦੇ ਲਿਖੇ ਸਤਵੰਤ ਕੌਰ, ਬਿਜੈ ਸਿੰਘ ਅਤੇ ਸੁਭਾਗ ਜੀ ਦਾ ਸੁਧਾਰ ਹਥੀਂ ਬਾਬਾ ਨੌਧ ਸਿੰਘ ਨਾਵਲ ਪਾਠਕਾਂ ਨੂੰ ਪੜ੍ਹਨ ਲਈ ਮਿਲੇ। ਇਨ੍ਹਾਂ ਸਾਰੇ ਨਾਵਲਾਂ ਦਾ ਪਿਛੋਕੜ ਸਿੱਖ ਇਤਿਹਾਸ ਦੇ ਅਣਲਿਖੇ ਪੰਨਿਆਂ ਦਾ ਸੁਨਹਿਰੀ ਪੱਖ ਹੈ। ਸਬੂਤ ਵਜੋਂ ਨਾਵਲ ਸਤਵੰਤ ਕੌਰ ਦੇ ਸਿਰਲੇਖ ਹੇਠ ਲਿਖੇ ਸ਼ਬਦ, 'ਇਕ ਸਿੱਖ ਕੰਨਿਆ ਦਾ ਅਸਹਿ ਕਸ਼ਟ ਝੱਲਦਿਆਂ ਹੋਇਆਂ ਬਹਾਦੁਰੀ ਅਤੇ ਸਿਦਕ ਨਾਲ ਧਰਮ ਪਾਲਣਾ' ਕਾਫ਼ੀ ਹੋਣਗੇ।

ਸੰਨ 1905 ਵਿਚ ਆਪ ਜੀ ਦੀ ਕਲਮ ਨੇ ਇਕ ਮਹਾਂ-ਕਾਵਿ ਰਚਿਆ, 'ਰਾਣਾ ਸੂਰਤ ਸਿੰਘ'। ਇਸ ਰਚਨਾ ਦੇ ਪਿਛੋਕੜ ਵਿਚ ਵੀ ਸਿੱਖ ਇਤਿਹਾਸ ਹੈ ਜਿਸ ਨੂੰ ਗ਼ੁਲਾਮੀ ਦਾ ਜੂਲਾ ਚੁਕਣਾ ਪੈ ਰਿਹਾ ਸੀ। ਆਪਣਾ ਰਾਜ ਗੁਆਚਣ ਦਾ ਹੇਰਵਾ ਹਰ ਸਿੱਖ ਮਹਿਸੂਸ ਕਰਦਾ ਸੀ। ਗੁਰਮਰਯਾਦਾ ਦਾ ਹੋ ਰਿਹਾ ਘਾਣ ਵੀ ਸਿੱਖਾਂ ਦੇ ਸੀਨੇ ਵਿੰਨ੍ਹ ਰਿਹਾ ਸੀ। ਗੁਰੂ ਘਰਾਂ ਦਾ ਨਿਰਾਦਰ, ਅਨਮਤੀਆ ਦਾ ਵਰਤਾਰਾ, ਬੇਨਿਯਮੀਆਂ ਆਦਿ ਦਾ ਜ਼ੋਰ ਚਲ ਰਿਹਾ ਸੀ। ਪਰ ਇਸ ਸਭ ਕੁਝ ਦੀ ਆਵਾਜ਼ ਬਣ ਕੇ ਲੋਕਾਂ ਵਿਚ ਪਹੁੰਚਾਉਣ ਦਾ ਉਪਰਾਲਾ ਹਾਲੇ ਤਕ ਕਿਸੇ ਸਿੱਖ ਨੇ ਸ਼ਿੱਦਤ ਨਾਲ ਨਹੀਂ ਸੀ ਆਰੰਭਿਆ। ਜਿਸ ਦੀ ਘਾਟ ਨੂੰ ਭਾਈ ਵੀਰ ਸਿੰਘ ਜੀ ਨੇ ਪੂਰਾ ਕਰਨ ਦਾ ਉਪਰਾਲਾ ਕੀਤਾ।

ਰਾਣਾ ਸੂਰਤ ਸਿੰਘ ਵਿਚ ਕਵੀ ਨੇ ਇਤਿਹਾਸ ਨੂੰ ਆਧਾਰ ਬਣਾ ਕੇ ਕਲਪਨਾ ਦੀ ਪੁੱਠ ਚਾੜ੍ਹ ਕੇ ਅਧਿਆਤਮਕ ਰੰਗਣ ਵਿਚ ਪੇਸ਼ ਕੀਤਾ ਹੈ। ਥਾਂ ਪਰ ਥਾਂ ਰਹੱਸਵਾਦੀ ਛੁਹਾਂ ਨਾਲ ਵਿਛੜੀ ਆਤਮਾ ਦੀ ਪਿਆਸ ਬੁਝਾਉਣ ਦਾ ਸਫ਼ਲ ਉਪਰਾਲਾ ਕੀਤਾ ਗਿਆ ਹੈ। ਆਮ ਕਰਕੇ ਜੁਆਨੀ ਪਹਿਰੇ ਕਵੀ, ਇਸ਼ਕ-ਮਿਜਾਜ਼ੀ ਦੀਆਂ ਕਵਿਤਾਵਾਂ ਰਚ ਕੇ ਸਾਹਿੱਤ ਖੇਤਰ ਵਿਚ ਪ੍ਰਵੇਸ਼ ਕਰਦੇ ਹਨ ਪਰ ਭਾਈ ਵੀਰ ਸਿੰਘ ਜੀ ਦੀ ਗੰਭੀਰ ਜੀਵਨ ਸ਼ੈਲੀ ਅਤੇ ਧਾਰਮਿਕ ਜੀਵਨ ਤਜਰਬੇ ਨੇ ਉੱਚੀਆਂ ਆਤਮਿਕ ਉਡਾਰੀਆਂ ਮਾਰੀਆਂ ਹਨ।

ਰਾਣਾ ਸੂਰਤ ਸਿੰਘ ਪੰਜਾਬੀ ਸਾਹਿੱਤ ਦਾ ਪਹਿਲਾ ਮਹਾਂ ਕਾਵਿ ਹੈ। ਇਸ ਵਿਚ ਸਿੱਖ ਰਾਜ ਦੇ ਖੁੱਸਣ ਦਾ ਦੁੱਖ ਹੈ। ਸਿੱਖੀ ਦਾ ਪਿਆਰ ਹੈ, ਪਤੀ-ਵਿਛੋੜੇ ਦਾ ਦੁਖ ਹੈ। ਵੈਰਾਗ ਦੀ ਤੜਪ ਹੈ। ਵਿਰਲਾਪ ਹੈ, ਮਨੋ-ਵੇਦਨਾ ਦਾ ਪ੍ਰਗਟਾਵਾ ਹੈ। ਅਖੀਰ ਵਿਛੋੜੇ ਵਿਚੋਂ ਨਿਕਲਣ ਦਾ ਮਾਰਗ ਵੀ ਦਰਸਾਇਆ ਗਿਆ ਹੈ।

ਇਸ ਮਹਾਂ ਕਾਵਿ ਦਾ ਨਾਇਕ ਰਾਣਾ ਸੂਰਤ ਸਿੰਘ ਹੈ ਜੋ ਕਥਾ ਦੇ ਆਰੰਭ ਵਿਚ ਹੀ ਸ਼ਹੀਦ ਹੋਇਆ ਵਿਖਾਇਆ ਗਿਆ ਹੈ। ਜੋ ਇਨਸਾਨ ਪੈਦਾ ਹੋਇਆ ਹੈ, ਉਸ ਦਾ ਅੰਤ ਵੀ ਲਾਜ਼ਮੀ ਹੈ। ਜੋ ਪੌਦਾ ਉਗਿਆ ਹੈ ਉਹ ਧਰਤੀ ਵਿਚ ਵਾਪਿਸ ਜਾਏਗਾ। ਪਰ ਇਹ ਅੰਤ ਸਥਾਈ ਨਹੀਂ। ਇਹ ਕੇਵਲ ਭੌਤਿਕ ਤਬਦੀਲੀ ਦਾ ਇਕ ਰੂਪ ਹੈ। ਸਾਧਾਰਨ ਮਨੁੱਖ ਜਦੋਂ ਮਰਦਾ ਹੈ ਤਾਂ ਉਸ ਦੀ ਆਤਮਾ ਕਿਸੇ ਹੋਰ ਸਰੀਰ ਵਿਚ ਵਾਸ ਕਰ ਲੈਂਦੀ ਹੈ। ਆਤਮਾ ਮਰਦੀ ਨਹੀਂ। ਜਿਵੇਂ ਇਕ ਪੌਦਾ ਆਪਣੇ ਜੀਵਨ ਵਿਚ ਅਨੇਕ ਪੌਦਿਆਂ ਲਈ ਬੀਜ ਤਿਆਰ ਕਰਕੇ ਧਰਤੀ ਵਿਚ ਜਾ ਸਮਾਉਂਦਾ ਹੈ।

---

***ਸਾਬਕਾ ਡਾਇਰੈਕਟਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ)***

ਗੁਰਬਾਣੀ ਵਿਚ ਆਵਾਗਵਣ ਦੇ ਗੇੜ ਤੋਂ ਬਚਣ ਲਈ ਨਾਮ-ਮਾਰਗ ਦਰਸਾਇਆ ਹੈ। ਨਿਤ ਅਰਦਾਸ ਕੀਤੀ ਜਾਂਦੀ ਹੈ:-

**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥**

ਜਦੋਂ ਤੋਂ ਸ੍ਰਿਸ਼ਟੀ ਹੋਂਦ ਵਿਚ ਆਈ ਹੈ, ਮੌਤ ਵੀ ਓਦੋਂ ਤੋਂ ਹੋਂਦ ਵਿਚ ਹੈ। ਜੇ ਮੌਤ ਨਾ ਹੁੰਦੀ ਤਾਂ ਅੱਜ ਇਸ ਧਰਤੀ ਉਪਰ ਤਿਲ ਰੱਖਣ ਨੂੰ ਥਾਂ ਨਹੀਂ ਸੀ ਹੋਣੀ। ਜੇ ਪੁਰਾਣੇ ਪੱਤੇ ਝੜਨਗੇ ਨਹੀਂ ਤਾਂ ਨਵਿਆਂ ਦੀ ਰੁੱਤ ਕਿਵੇਂ ਆਏਗੀ? ਭਾਈ ਵੀਰ ਸਿੰਘ ਜੀ ਲਿਖਦੇ ਹਨ:

**ਤੁਹਾਥੋਂ ਅਗਲਿਆਂ ਨੂੰ ਤੁਸੀਂ ਤੋਰਿਆ ਸੀ, ਵਾਰੀ ਤੁਹਾਨੂੰ ਹੁਣ ਪਈ ਤੁਰਾਂਵਦੀ ਏ।**
**ਵਾਰ ਲਿਆਂਵਦੀ ਪਈ ਏ ਹੋਰਨਾਂ ਤੇ, ਤੁਹਾਡੀ ਥਾਓਂ ਤੇ ਨਵੇਂ ਉਗਾਂਵਦੀ ਏ।**

ਰਾਣਾ ਸੂਰਤ ਸਿੰਘ ਸ਼ਹੀਦ ਹੋ ਗਿਆ ਹੈ। ਇਸ ਮਹਾਂ ਕਾਵਿ ਵਿਚ ਉਹ ਸਚਖੰਡ ਦਾ ਵਾਸੀ ਹੋ ਗਿਆ ਹੈ। ਉਹ ਅਜੇ ਹੋਰ ਕੁਝ ਚਿਰ ਜੀਊਂਦਾ ਰਹਿੰਦਾ ਤਾਂ ਰਾਣੀ ਨੂੰ ਸ਼ਾਇਦ ਏਨਾ ਸਦਮਾ ਨਾ ਲਗਦਾ। ਇਹ ਕਰਤਾ ਦੀ ਕਲਪਨਾ ਉਡਾਰੀ ਹੈ ਕਿ ਉਸ ਨੇ ਆਪਣੇ ਪਾਤਰ ਨੂੰ ਕਿਵੇਂ ਘੜਨਾ ਹੈ? ਕਦੋਂ ਅਤੇ ਕਿਥੇ ਪੇਸ਼ ਕਰਨਾ ਹੈ? ਸਮੇਂ ਅਤੇ ਸਥਾਨ ਦੀ ਲੋੜ ਨੇ ਘਟਨਾਵਾਂ ਨੂੰ ਜੋ ਮੋੜ ਦਿੱਤਾ ਉਨ੍ਹਾਂ ਨਾਲ ਹੀ ਇਸ ਰਚਨਾ-ਉਸਾਰੀ ਦੀ ਨੁੱਕ ਬੱਝੀ ਹੈ।

ਸਚਖੰਡ ਵਾਸੀ ਰਾਣਾ ਸੂਰਤ ਸਿੰਘ ਦਾ ਚਰਿਤਰ ਰਾਣੀ ਰਾਜ ਕੌਰ ਅਤੇ ਹੋਰ ਪਾਤਰਾਂ ਰਾਹੀਂ ਉਸ ਦੇ ਗੁਣਾਂ ਨੂੰ ਉਘਾੜ ਕੇ ਉਸਾਰਿਆ ਗਿਆ ਹੈ। ਰਾਣੇ ਦੇ ਗੁਣ ਯਾਦ ਕਰਦਿਆਂ ਰਾਣੀ ਰਾਜ ਕੌਰ ਦੀ ਇਕ ਬਿਰਹੋਂ ਕੁੱਠੀ ਆਤਮਾ ਦਾ ਚਿਤਰ ਉਖੜਦਾ ਹੈ। ਪਤੀ ਦੇ ਪੱਤਰਾਂ ਵਿਚੋਂ ਰਾਣਾ ਦੇ ਪਰਮਾਰਥਕ ਗੁਣ ਉਘੜਦੇ ਹਨ:-

**'ਜੇ ਗੁਣ ਲੱਭਾ ਕੋਇ ਰੱਖ ਸੰਭਾਲ ਕੇ, ਇਸ ਦੀ ਲੈ ਖ਼ੁਸ਼ਬੋਇ ਇਸ ਤੋਂ ਲੈ ਖ਼ੁਸ਼ੀ।**
**'ਰਸ' ਤੇ 'ਰਸੀਆ' ਹੋਇ 'ਗੁਣ' ਤੇ 'ਤੂੰ' ਦੁਏ, ਤੀਜੀ ਹੋਰ ਨਾ ਚੀਜ਼ ਨਾਲ ਰਲਾਈਓ,**
**ਤਾਂ ਫਿਰ ਮੌਜ ਬਹਾਰ ਅੰਦਰ ਵਾਪਰੂ, ਗੁਣ ਦੀ ਮਸਤੀ ਵਿਚ ਮੱਤਾ ਤੂੰ ਰਹੇਂ।**

ਸਾਡੇ ਵਿਸ਼ੇ ਦਾ ਸੰਬੰਧ ਭਾਈ ਵੀਰ ਸਿੰਘ ਜੀ ਦੀਆਂ ਕਿਰਤਾਂ ਵਿਚ ਆਏ ਨਾਰੀ ਦਾ ਸਿੱਖ ਆਦਰਸ਼ ਚਿਤਰਣ ਹੈ, ਵਿਸ਼ੇਸ਼ ਰੂਪ ਵਿਚ ਰਾਣਾ ਸੂਰਤ ਸਿੰਘ ਦੇ ਇਸਤਰੀ ਪਾਤਰਾਂ ਦੀ ਸਿੱਖੀ ਆਦਰਸ਼ ਰਾਹੀਂ ਕੀਤੀ ਗਈ ਪਾਤਰ ਉਸਾਰੀ ਨੂੰ ਵਿਚਾਰਨਾ ਹੈ।

ਰਾਣੀ ਰਾਜ ਕੌਰ ਕੇਵਲ ਇਕ ਨਾਰੀ ਪਾਤਰ ਹੀ ਨਹੀਂ। ਇਹ ਇਕ ਆਤਮਾ ਦੀ ਪ੍ਰਤੀਕ ਹੈ ਜੋ ਆਪਣੇ ਪਤੀ ਪਰਮਾਤਮਾ ਤੋਂ ਵਿਛੜ ਕੇ ਸੰਸਾਰ ਵਿਚ ਆਉਂਦੇ ਸਾਰ ਰੋਂਦੀ ਹੈ। ਫਿਰ ਉਹ ਡਿਗਦੀ, ਢਹਿੰਦੀ, ਠੇਡੇ ਖਾਂਦੀ, ਕਿਸੇ ਦੀ ਉਂਗਲ ਫੜ ਕੇ ਤੁਰਨਾ ਸਿੱਖਦੀ ਹੈ। ਮੁਟਿਆਰ ਹੋਈ ਤਾਂ ਸੰਗਤ ਦੀ ਸਹਾਇਤਾ ਨਾਲ ਪਤੀ ਪਰਮਾਤਮਾ ਨੂੰ ਮਿਲਨ ਦੇ ਰਾਹ ਸਮਝਣ ਦੇ ਉਪਰਾਲੇ ਕਰਦੀ ਹੈ। ਅਖ਼ੀਰ ਸਤਿਸੰਗਤ ਵਿਚ ਪਹੁੰਚ ਕੇ ਪਰਮਪਦਵੀ ਤਕ ਪਹੁੰਚਣ ਵਿਚ ਕਾਮਯਾਬ ਹੁੰਦੀ ਹੈ। ਉਸ ਦਾ ਰਾਜ ਭਾਗ ਸੰਭਾਲਣਾ ਦੁਨਿਆਵੀ ਤੌਰ ਤੇ ਰੁਝੇਵੇਂ ਦਾ ਇਕ ਸਾਧਨ ਮਾਤਰ ਹੈ।

ਸਭ ਤੋਂ ਪਹਿਲਾਂ ਇਹ ਦੇਖਣਾ ਹੈ ਕਿ ਸਿੱਖੀ ਅਸੂਲ ਕੀ ਹਨ? ਉਨ੍ਹਾਂ ਦੀ ਵਿਆਖਿਆ ਕੀ ਹੈ? ਉਨ੍ਹਾਂ ਅਸੂਲਾਂ ਦੀ ਪਾਲਣਾ, ਜੀਵਨ ਵਿਚ ਢਾਲਣਾ, ਆਪ ਸਿੱਖੀ ਜੀਵਨ ਜੀਊਣਾ ਅਤੇ ਹੋਰਨਾਂ ਨੂੰ ਅਜਿਹੇ ਜੀਵਨ ਲਈ ਪ੍ਰੇਰਨਾ ਕਿਵੇਂ ਕਰਨੀ ਹੈ? ਭਾਈ ਵੀਰ ਸਿੰਘ ਜੀ ਦਾ ਸਮੁਚਾ ਜੀਵਨ ਸਿੱਖੀ ਜੀਵਨ-ਜਾਚ ਦੀ ਉਦਾਹਰਣ ਹੈ।

ਲਿਖਤ ਲੇਖਕ ਦਾ ਦਰਪਨ ਹੈ। ਉਸ ਦਾ ਜੀਵਨ ਆਦਰਸ਼, ਜੀਵਨ ਤਜਰਬਾ, ਉਤਾਰ-ਚੜ੍ਹਾਅ, ਖ਼ੁਸ਼ੀਆਂ ਗ਼ਮੀਆਂ ਨਾਲ ਨਿਪਟਣਾ ਲਿਖਤ ਰਾਹੀਂ ਪਤਾ ਲਗਦਾ ਹੈ। ਭਾਈ ਵੀਰ ਸਿੰਘ ਜੀ ਦਾ ਜੀਵਨ ਆਦਰਸ਼ ਸਿੱਖੀ ਅਸੂਲਾਂ ਦੀ ਪਾਲਣਾ ਕਰਦੇ ਹੋਏ ਜੀਵਨ ਜੀਊਣਾ ਹੈ। ਜੀਵਨ ਦੇ ਹਰ ਪੜਾਅ ਤੇ ਉਨ੍ਹਾਂ ਨੇ ਗੁਰਬਾਣੀ ਦਾ ਸਹਾਰਾ ਲੈਕੇ ਮੁਸ਼ਕਲਾਂ ਸਰ ਕਰਨ ਨੂੰ ਜੀਵਿਆ ਹੀ ਨਹੀਂ ਸਗੋਂ ਲਿਖਤਾਂ ਰਾਹੀਂ ਹੋਰਨਾਂ ਲਈ ਮਾਰਗ ਦਰਸ਼ਨ ਵੀ ਕੀਤਾ ਹੈ। ਸਾਰੀ ਉਮਰ ਬਾਹਰੀ ਵਿਖਾਵੇ ਰਹਿਤ, ਜੀਵਨ ਜੀਊਣ ਵਿਚ ਵਿਸ਼ਵਾਸ ਰੱਖਿਆ ਹੈ। ਮਨ ਨੀਵਾਂ ਮਤ ਉੱਚੀ ਦੇ ਸਿੱਖੀ ਆਦਰਸ਼ ਨੂੰ ਆਪਣੇ ਜੀਵਨ ਵਿਚ ਢਾਲ ਕੇ ਵਿਖਾਇਆ ਹੈ। ਆਪ ਨੇ ਇਸ ਮਹਾਂ ਕਾਵਿ ਦੇ ਇਸਤਰੀ ਪਾਤਰਾਂ ਰਾਹੀਂ ਬੀਰਤਾ ਭਰਿਆ ਇਤਿਹਾਸ, ਵਿਰਸੇ ਅਤੇ ਗੁਰਮਤਿ ਦੇ ਸਿਧਾਂਤ-ਨਾਮ ਜਪਣਾ, ਸੇਵਾ, ਸਹਜ, ਸੰਤੋਖ, ਧੀਰਜ, ਸਤਿਸੰਗਤ ਦੀ ਮਹਾਨਤਾ ਨੂੰ ਉਘਾੜਿਆ ਹੈ।

ਸਿੱਖ ਜਗਤ ਵਿਚ ਗੁਰੂ ਜੀ ਨੇ ਨਾਰੀ ਨੂੰ ਸ੍ਰੇਸ਼ਟ ਪਦ ਨਾਲ ਸਨਮਾਨਿਤ ਕੀਤਾ ਹੈ। ਸ਼ਾਇਦ ਇਸੇ ਭਾਵਨਾ ਨੂੰ ਅੰਤ੍ਰੀਵ ਮਨ ਵਿਚ ਸਮੋ ਕੇ ਭਾਈ ਸਾਹਿਬ ਨੇ ਸਭ ਤੋਂ ਪਹਿਲਾਂ ਨਾਰੀ-ਸਿਰਲੇਖ ਵਾਲੇ 'ਸੁੰਦਰੀ' ਅਤੇ 'ਸਤਵੰਤ ਕੌਰ' ਨਾਮ ਦੇ ਨਾਵਲ ਰਚੇ ਜਿਨ੍ਹਾਂ ਦੀਆਂ ਨਾਇਕਾਵਾਂ ਆਪਣੇ ਸਿੱਖੀ ਇਤਿਹਾਸ ਨੂੰ ਰੌਸ਼ਨ ਕਰਨ ਲਈ ਯਤਨ ਸ਼ੀਲ ਰਹਿੰਦੀਆਂ ਹਨ। ਘਬਰਾਉਂਦੀਆਂ, ਡੋਲਦੀਆਂ ਜਾਂ ਥਿੜਕਦੀਆਂ ਨਹੀਂ ਸਗੋਂ ਹਾਲਾਤ ਨਾਲ ਜੂਝਦੀਆਂ ਹੋਈਆਂ ਹੋਰਨਾਂ ਲਈ ਬਹਾਦੁਰੀ, ਸਵੈ-ਸਨਮਾਨ ਅਤੇ ਸਵੈ-ਰਖਿਆ ਲਈ ਕਈ ਨਵੇਂ ਪੂਰਨੇ ਪਾ ਜਾਂਦੀਆਂ ਹਨ।

ਰਾਣਾ ਸੂਰਤ ਸਿੰਘ ਦੀ ਨਾਇਕਾ ਰਾਣੀ ਰਾਜ ਕੌਰ ਤੋਂ ਇਲਾਵਾ ਇਸ ਵਿਚ ਰਾਜ-ਮਾਤਾ ਚੰਦਰ ਕੌਰ ਹੈ, ਰਾਧਾ ਸਖੀ ਹੈ, ਮਾਲਣ ਹੈ, ਪਰੀ ਹੈ। ਮੁਖ ਕਥਾ ਰਾਣੀ ਰਾਜ ਕੌਰ ਦੇ ਰਾਹੀਂ ਉਸਰਦੀ ਹੈ। ਕਵੀ ਨੇ ਇਥੇ ਰਾਣੀ ਰਾਜ ਕੌਰ ਦੀ ਜੀਵਨ ਕਥਾ ਇਕ ਦੁਖੀ ਵਿਧਵਾ ਦੇ ਜੀਵਨ ਨਾਲ ਆਰੰਭ ਕੀਤੀ ਹੈ। ਪਰ ਇਹ ਵਿਧਵਾ ਵਿਚਾਰੀ ਜਹੀ ਨਹੀਂ। ਇਕ ਰਾਣੀ ਹੈ। ਆਰਥਕ ਪੱਖੋਂ ਸੁਰਖਿਅਤ ਹੈ। ਭਾਵਨਾਤਮਕ ਭੁੱਖ ਦੀ ਝੰਭੀ ਹੋਈ ਹੈ। ਘਰ ਵਿਚ ਇਕੱਲੀ ਲਾਡਲੀ ਔਲਾਦ ਹੈ। ਹੋਰ ਨਾ ਕੋਈ ਭੈਣ ਨਾ ਭਾਈ। ਨਾ ਕਿਸੇ ਨਾਲ ਖੇਡ ਕੇ ਖ਼ੁਸ਼ੀ ਮਨਾਈ ਨਾ ਕਿਸੇ ਨਾਲ ਰੁਸਣ ਕਰਕੇ ਮੰਨ-ਮੰਨਾਉਤੀ ਦੀ ਗੁੰਜਾਇਸ਼ ਆਈ। ਇਕੱਲੀ ਜਾਨ। ਕਿਸ

ਨਾਲ ਰੁੱਸੇ, ਕਿਸ ਨਾਲ ਮੰਨੇ? ਦੁਖ ਸੁਖ ਵੰਡਾਉਣ ਲਈ ਕਿਸ ਕੋਲ ਜਾਵੇ? ਅੱਗੋਂ ਪਤੀ ਮਿਲਿਆ ਤਾਂ ਉਹ ਵੀ ਪਰਿਵਾਰ ਦਾ ਇਕਲੌਤਾ ਲਾਡਲਾ ਪੁੱਤਰ। ਉਸਦਾ ਵੀ ਕੋਈ ਹੋਰ ਭੈਣ ਭਾਈ ਨਹੀਂ। ਭਾਣਾ ਰੱਬ ਦਾ! ਰਾਣਾ ਸੂਰਤ ਸਿੰਘ ਦੁਸ਼ਮਣਾਂ ਹਥੋਂ ਲੜਾਈ ਵਿਚ ਸ਼ਹੀਦ ਹੋ ਜਾਂਦਾ ਹੈ। ਗ੍ਰਿਹਸਤ ਦਾ ਸੁਖ ਭੋਗਣ ਦਾ ਸਮਾਂ ਹਾਲੇ ਨਹੀਂ ਮਿਲਿਆ ਨਾ ਪਿਤਾ ਦੀ ਵਿਰਾਸਤ ਵਿਚ ਮਿਲੀ ਰਿਆਸਤ ਨੂੰ ਚਲਾਉਣ ਦਾ।

ਕਥਾ ਦੇ ਆਰੰਭ ਵਿਚ ਰਾਣੀ ਰਾਜ ਕੌਰ ਆਪਣੇ ਸ਼ਹੀਦ ਹੋਏ ਪਤੀ-ਵਿਛੋੜੇ ਦੀ ਕੁਠੀ ਹੋਈ ਵਿਰਲਾਪ ਕਰਦੀ ਹੈ। ਪਤੀ ਦੀ ਅਚਾਨਕ ਮੌਤ ਦੀ ਖ਼ਬਰ ਕਿਸੇ ਵੀ ਪਤਨੀ ਨੂੰ ਜਿਵੇਂ ਸਿਰੋਂ ਸੱਟ ਵੱਜਣ ਵਾਂਗ ਲਗਦੀ ਹੈ, ਰਾਣੀ ਰਾਜ ਕੌਰ ਲਈ ਇਹ ਉਨੀ ਹੀ ਗਹਿਰੀ ਦੁਖ ਭਰੀ ਖ਼ਬਰ ਹੈ। ਤਿੰਨ ਦਿਨ ਤਾਂ ਉਹ ਸੱਥਰ ਲੱਥੀ ਰਹੀ। ਬੇਹੋਸ਼ ਰਹੀ। ਹੌਲੀ ਹੌਲੀ ਸੁਰਤ ਆਈ। ਪਤੀ ਦਾ ਸਿੰਘਾਸਣ ਖ਼ਾਲੀ ਹੋ ਗਿਆ ਸੀ। ਹੁਣ ਪਿਤਾ ਦੀ ਵਿਰਾਸਤ ਕੌਣ ਸੰਭਾਲੇਗਾ? ਵੱਡੇ ਰਾਣੇ ਨੇ ਜੁਆਈ ਨੂੰ ਆਪਣੇ ਹੱਥੀਂ ਤਖ਼ਤ ਉਤੇ ਬਿਠਾਇਆ ਸੀ। ਇਹ ਨੌਜਵਾਨ ਉਸ ਦੇ ਇਕ ਗੁਰਸਿੱਖ ਸਤਿਸੰਗੀ ਦਾ ਪੁੱਤਰ ਸੀ। ਸਿੱਖੀ ਅਸੂਲਾਂ ਦਾ ਧਾਰਨੀ ਸੀ। ਆਪਸ ਵਿਚ ਦਿਲੀ ਮੋਹ ਅਤੇ ਸਿੱਖੀ ਆਧਾਰ ਕਰਕੇ ਪਰਿਵਾਰਕ ਸਤਿਕਾਰ ਵੀ ਸੀ। ਇਸੇ ਕਰਕੇ ਵੱਡੇ ਰਾਣੇ ਨੇ ਸੂਰਤ ਸਿੰਘ ਨੂੰ ਧੀ ਦਿੱਤੀ ਅਤੇ ਧੀ ਦੇਕੇ ਆਪਣਾ ਰਾਜ-ਭਾਗ ਵੀ ਦੇ ਦਿੱਤਾ।

ਆਮ ਜੀਵਨ ਵਿਚ ਕੁਝ ਦਿਨ ਦੇ ਰੋਣ ਧੋਣ ਪਿਛੋਂ ਜਦੋਂ ਹੰਝੂ ਮੁਕ ਜਾਣ ਤਾਂ ਵਿਧਵਾ ਦਾ ਜੀਵਨ ਮੁੜ ਆਪਣੀ ਤੋਰੇ ਤੁਰ ਪੈਂਦਾ ਹੈ। ਭਾਵੇਂ ਉਸ ਵਿਚ ਸਾਹ-ਸਤ ਨਾਮ ਦੀ ਕੋਈ ਭਾਵਨਾ ਨਹੀਂ ਹੁੰਦੀ, ਮਰੇ ਹੋਏ ਨਾਲ ਕੋਈ ਮਰ ਵੀ ਨਹੀਂ ਸਕਦਾ। ਫੇਰ ਮਿਰਤਕ ਦੇ ਭੈਣ ਭਾਈ, ਮਾਤਾ ਪਿਤਾ, ਔਲਾਦ ਸਮੇਤ ਪਤਨੀ ਦੇ ਜੀਵਨ ਦੀ ਗੱਡੀ ਨੂੰ ਰਲ ਮਿਲ ਕੇ ਰਿੜ੍ਹਨੇ ਲਾ ਲੈਂਦੇ ਹਨ। ਇਹੀ ਹਕੀਕਤ ਹੈ। ਇਹ ਗੱਲ ਵੱਖਰੀ ਹੈ ਕਿ ਸਮਾਂ ਪਾ ਕੇ ਪਰਿਵਾਰ ਦੇ ਸਾਰੇ ਜੀਆਂ ਨੂੰ ਮਿਰਤਕ ਦਾ ਦੁਖ ਹੌਲੀ ਹੌਲੀ ਘਟਦਾ ਜਾਪਦਾ ਹੈ। ਇਕ ਪਤਨੀ ਹੈ ਜਿਸ ਦਾ ਹਰ ਪਲ ਪਤੀ ਦੇ ਸੱਲ ਵਿਚ ਲੁੱਛਦਾ ਰਹਿੰਦਾ ਹੈ। ਇਸ ਨੂੰ ਉਹ ਕਿਸੇ ਨਾਲ ਸਾਂਝਾ ਵੀ ਨਹੀਂ ਕਰ ਸਕਦੀ ਕਿਉਂਕਿ ਉਸ ਦੀ ਵੇਦਨਾ ਸੁਣਨ ਦਾ ਕਿਸੇ ਪਾਸ ਸਮਾਂ ਨਹੀਂ ਹੁੰਦਾ। ਜੇ ਸਮਾਂ ਹੋਵੇ ਵੀ ਤਾਂ ਉਸ ਦਾ ਹੱਲ ਨਹੀਂ ਹੁੰਦਾ। ਚਾਹੇ ਸਮਾਜਕ ਉਲਝਨ ਹੋਵੇ, ਭਾਵਨਾਤਮਕ, ਆਰਥਕ ਜਾਂ ਪਰਿਵਾਰਕ ਹੋਵੇ ਉਸ ਨੂੰ ਖ਼ੁਦ ਹੀ ਸਹਿਣੀ, ਝਲਣੀ ਪੈਂਦੀ ਹੈ।

ਰਾਣੀ ਰਾਜ ਕੌਰ ਪਤੀ ਦੇ ਵਿਛੋੜੇ ਦੇ ਦਿਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਇਕ ਚਿਤ ਹੋ ਕੇ ਪ੍ਰਾਰਥਨਾ ਕਰਦੀ ਸੀ ਕਿ ਮੇਰਾ ਪਤੀ ਜੰਗ ਜਿੱਤ ਕੇ ਵਾਪਸ ਆਵੇ। ਜਿੱਤ ਦਾ ਬਿਗ਼ਲ ਸੁਣਾਈ ਦੇਵੇ। ਜਦੋਂ ਜਿੱਤ ਦੇ ਬਿਗ਼ਲ ਦੀ ਥਾਂ ਪਤੀ ਦੀ ਲਾਸ਼ ਸਾਮ੍ਹਣੇ ਆ ਜਾਵੇ ਤਾਂ ਸਾਰੀਆਂ ਆਸਾਂ ਉਪਰ ਪਾਣੀ ਫਿਰ ਜਾਂਦਾ ਹੈ।

ਰਾਣੀ ਰਾਜ ਕੌਰ ਨੂੰ ਪਤੀ ਦਾ ਸਦੀਵੀ ਵਿਛੋੜਾ ਪੈ ਗਿਆ ਹੈ। ਸਾਰੇ ਸੁਖ ਸਾਧਨ ਕੋਲ ਹਨ ਪਿਤਾ ਦੀ ਬਣਾਈ ਹੋਈ ਰਿਆਸਤ ਦੀ ਉਹ ਵਾਰਿਸ ਹੈ। ਪਰ ਪਤੀ ਬਿਨ੍ਹਾਂ ਜੀਵਨ ਸੱਖਣਾ ਹੋ ਗਿਆ ਹੈ। ਉਸ ਦੀ ਯਾਦ ਨੂੰ ਕਾਇਮ ਰੱਖਣ ਲਈ ਬਾਗ਼ ਵਿਚ ਰਾਣੇ ਦੀ ਸਮਾਧ ਬਣਵਾਉਂਦੀ ਹੈ। ਹਰ ਰੋਜ਼ ਸਮਾਧ ਪਾਸ ਜਾਕੇ ਰਾਣੇ ਨਾਲ ਗੱਲਾਂ ਕਰਦੀ ਹੈ। ਸਮਾਧ ਉਤੇ ਰਾਣੇ ਦਾ ਘੋੜੇ ਉਤੇ ਸਵਾਰ ਕੀਮਤੀ ਪੱਥਰ ਦਾ ਬੁਤ ਬਣਵਾਉਂਦੀ ਹੈ ਤਾਂ ਕਿ ਰਾਣਾ ਸਾਕਾਰ ਦਿਸਦਾ ਰਹੇ। ਰਾਣੇ ਦਾ ਬੁੱਤ ਤਾਂ ਇਉਂ ਲਗਦਾ ਹੈ ਜਿਵੇਂ ਜੀਉਂਦਾ ਜਾਗਦਾ ਹੋਵੇ। ਹੁਣ ਉਹ ਬੁੱਤ ਰੂਪ ਵਿਚ ਦਿਸ ਤਾਂ ਰਿਹਾ ਹੈ ਪਰ ਗੱਲਾਂ ਤਾਂ ਨਹੀਂ ਕਰ ਸਕਦਾ। ਦੁਖ ਤਾਂ ਨਹੀਂ ਸਮਝ ਸਕਦਾ। ਉਹ ਬਾਗ਼ ਵਿਚ ਆਕੇ ਵਗਦੇ ਪਾਣੀ ਨਾਲ ਗੱਲਾਂ ਕਰਦੀ ਹੈ ਕਿ ਉਹ ਸ਼ੋਰ ਨਾ ਕਰੇ। ਕਿਤੇ ਲੰਮੀ ਤਾਣ ਕੇ ਸੁੱਤੇ ਹੋਏ ਪਤੀ ਦੀ ਡੂੰਘੀ ਨੀਂਦ ਵਿਚੋਂ ਜਾਗ ਨਾ ਖੁੱਲ੍ਹ ਜਾਵੇ। ਕਦੀ ਫੁੱਲਾਂ ਦੀ ਭੇਟ ਲੈ ਕੇ ਆਉਂਦੀ ਹੈ। ਬੈਠ ਕੇ ਫੁੱਲਾਂ ਨਾਲ ਕੁਝ ਲਿਖਦੀ ਹੈ। ਜਦੋਂ ਜੋ ਲਿਖਿਆ ਗਿਆ ਹੈ ਉਹ ਪੜ੍ਹਦੀ ਹੈ:-

**ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥**
**ਧ੍ਰਿਗ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥**

ਪੜ੍ਹਦੇ ਸਾਰ ਉਸ ਦਾ ਕੜ ਪਾਟਦਾ ਹੈ। ਵਿਯੋਗ ਵਿਚ ਰੋਂਦੀ ਵਿਰਲਾਪ ਕਰਦੀ ਬੇਹੋਸ਼ ਹੋ ਜਾਂਦੀ ਹੈ।

ਮਨੋਵਿਗਿਆਨੀ ਆਖਦੇ ਹਨ ਕਿ ਦੁਖ ਨੂੰ ਘਟਾਉਣ ਲਈ ਰੋਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ। ਅੰਗਰੇਜ਼ੀ ਦੀ ਇਕ ਕਵਿਤਾ ਯਾਦ ਆਈ ਹੈ- 'ਹੋਮ ਦੇ ਬਰਾਅਟ ਹਰ ਵਾਰੀਅਰ ਡੈੱਡ'।

ਇਸ ਵਿਚ ਇਕ ਸੈਨਿਕ ਲੜਾਈ ਵਿਚ ਸ਼ਹੀਦ ਹੋ ਜਾਂਦਾ ਹੈ ਉਸ ਦੇ ਘਰ ਅਚਨਚੇਤ ਉਸ ਦਾ ਮਿਰਤਕ ਸਰੀਰ ਕਫ਼ਨ ਵਿਚ ਲਪੇਟਿਆ ਆਉਂਦਾ ਹੈ ਤਾਂ ਉਸ ਦੀ ਪਤਨੀ ਸਿੱਥਲ ਹੋ ਜਾਂਦੀ ਹੈ। ਇਕ ਦਮ ਮਿਲੇ ਸਦਮੇ ਨਾਲ ਉਹ ਰੋ ਨਹੀਂ ਸਕੀ, ਬੋਲ ਨਹੀਂ ਸਕੀ। ਚੁਪ ਚਾਪ ਲੋਕਾਂ ਦੇ ਚਿਹਰਿਆਂ ਵਲ ਬਿਟਰ ਬਿਟਰ ਝਾਕਦੀ ਹੈ। ਹਾਜ਼ਰ ਸਭ ਲੋਕ ਉਸ ਨਾਲ ਉਸ ਦੇ ਪਤੀ ਦੀਆਂ ਗੱਲਾਂ ਕਰਦੇ ਹਨ ਕਿ ਉਹ ਕੁਝ ਬੋਲ ਕੇ ਰੋ ਲਵੇ ਨਹੀਂ ਤਾਂ ਇਹ ਪਾਗ਼ਲ ਹੋ ਜਾਏਗੀ। ਪਰ ਉਹ ਨਹੀਂ ਰੋਈ। ਅਖ਼ੀਰ ਇਕ ਸਿਆਣੀ ਉਮਰ ਦੀ ਔਰਤ ਉੱਠ ਕੇ ਉਸ ਦਾ ਬੱਚਾ ਲਿਆ ਕੇ ਸ਼ਹੀਦ ਦੀ ਵਿਧਵਾ ਔਰਤ ਦੀ ਝੋਲੀ ਵਿਚ ਪਾਉਂਦੀ ਹੈ। ਬੱਚੇ ਨੂੰ ਵੇਖ ਕੇ ਵਿਧਵਾ ਔਰਤ ਦਾ ਕੜ ਪਾਟ ਜਾਂਦਾ ਹੈ ਉਹ ਭੁੱਬੀਂ ਰੋਂਦੀ ਹੈ ਅਤੇ ਬੱਚੇ ਨੂੰ ਕਹਿੰਦੀ ਹੈ ਕਿ ਮੈਂ ਤੇਰੇ ਲਈ ਜੀਵਾਂਗੀ।

ਇਹ ਹਰ ਵਿਧਵਾ ਦੀ ਮਨੋ-ਵੇਦਨਾ ਹੈ ਜਿਸ ਦਾ ਕੁਝ ਸਮੇਂ ਪਹਿਲਾਂ ਤਕ ਵੱਸਦਾ ਸੰਸਾਰ ਇਸ ਸਮੇਂ ਹੁਣ ਉਜੜ ਗਿਆ ਪ੍ਰਤੀਤ ਹੁੰਦਾ ਹੈ। ਮਨ ਦੀਆਂ ਇਨ੍ਹਾਂ ਬਾਰੀਕ ਤੰਦਾਂ ਨੂੰ ਪਕੜ ਕੇ ਕਲਮ ਦੀ ਨੋਕ ਹੇਠ ਕਰਨਾ ਕੋਈ ਸੌਖਾ ਕਾਰਜ ਨਹੀਂ। ਰਾਣੀ

ਰਾਜ ਕੌਰ ਦੀ ਆਪਣੀ ਔਲਾਦ ਵੀ ਅਜੇ ਨਹੀਂ ਸੀ ਹੋਈ ਜਿਸ ਨੂੰ ਉਹ ਆਪਣਾ ਸਹਾਰਾ ਸਮਝ ਸਕੇ।

ਰੋਂਦੀ ਕਲਪਦੀ ਨਾਇਕਾ ਪਤੀ ਬਿਨ੍ਹਾਂ ਜੀਵਨ ਮੌਤੋਂ ਬੁਰਾ ਸਮਝ ਰਹੀ ਹੈ। ਮੌਤ ਤਾਂ ਇਕ ਵਾਰ ਹੀ ਆ ਕੇ ਆਪਣਾ ਕਾਰਜ ਨਿਪਟਾ ਲੈਂਦੀ ਹੈ ਪਰ ਵਿਛੋੜਾ? ਇਹ ਤਾਂ ਹਰ ਪਲ ਦਾ ਸੱਲ ਹੈ। ਇਹ ਤਿਲ ਤਿਲ ਮਾਰਦਾ ਹੈ। ਗੁਰਬਾਣੀ ਨੇ ਇਸ ਵੇਦਨਾ ਸੰਬੰਧੀ ਤੱਤ ਕੱਢਿਆ ਹੈ- ਬਿਰਹਾ ਦੀ ਚੋਟ ਸਹਾਰਨੀ ਸਤੀ ਹੋਣ ਦੇ ਦੁਖ ਨਾਲੋਂ ਔਖੇਰੀ ਮੰਜ਼ਿਲ ਹੈ।

ਰਾਣੇ ਦੀ ਸਮਾਧ ਪਾਸ ਬੇਹੋਸ਼ ਹੋਈ ਰਾਣੀ ਨੂੰ ਇਲਾਜ ਲਈ ਹਕੀਮ ਪਾਸ ਲਿਜਾਇਆ ਜਾਂਦਾ ਹੈ। ਸਰੀਰ ਦੇ ਰੋਗ ਦੂਰ ਕਰਨ ਵਾਲੇ ਵੈਦ ਆਤਮਕ ਰੋਗ ਦਾ ਇਲਾਜ ਕਿਥੋਂ ਕਰ ਸਕਣਗੇ?

ਕਹਿੰਦੀ ਫਿਰ ਬਿਲਲਾਇ 'ਸੱਜਨ ਪਯਾਰਿਆ! ਬਿਰਹੋਂ ਵਾਲੀ ਸਾਂਗ, ਸਾਈਆਂ! ਮਾਰ ਨਾ'। ਪ੍ਰੇਮ ਨਦੀ ਵਿਚ ਕਾਂਗ ਆਈ ਸ਼ੂਕਦੀ। 'ਮੈਂ ਮਨਤਾਰੂ, ਹਾਇ! ਤਰਨ ਨ ਜਾਣਦੀ ?

ਰਾਣੀ ਦੇ ਇਹ ਬੋਲ ਉਸ ਦੇ ਮਨ ਦੇ ਤਰਲੇ ਹਨ। ਰਾਜ-ਮਾਤਾ ਧੀ ਦੇ ਦੁਖ ਨੂੰ ਸਮਝਦੀ ਹੈ, ਉਸ ਨੂੰ ਘਟਾਉਣ ਦੇ ਕਈ ਉਪਾ ਕਰਦੀ ਹੈ। ਧੀ ਵੀ ਜਾਣਦੀ ਹੈ ਕਿ ਮੇਰੀ ਮਾਂ ਮੇਰੇ ਕਰਕੇ ਦੁਖੀ ਹੋ ਰਹੀ ਹੈ। ਉਹ ਆਖਦੀ ਹੈ-

ਲੀਤਾ ਠੰਡਾ ਸਾਹ, ਲੰਮਾ, ਸੈਮ੍ਰਵਾਂ। ਬੋਲੀ ਸਹਿਜੇ ਫੇਰ- 'ਪਯਾਰੀ ਮਾਉਂ ਜੀ! 'ਮੇਰੇ ਪਿਛੇ ਆਪ ਦੁਖੀਏ ਹੋ ਰਹੇ। 'ਕਿਹੀ ਨਿਭਾਗਣ, ਹਾਇ! ਮੈਂ ਦੁਖ ਦੇਵਣੀ-

ਮਹਾਂ-ਕਾਵਿ ਦੀ ਨਾਇਕਾ ਨੂੰ ਕਰਤਾ ਨੇ ਬਹੁਤੀ ਦੇਰ ਭਟਕਦੀ ਅਵਸਥਾ ਵਿਚ ਵੀ ਨਹੀਂ ਰੱਖਣਾ ਚਾਹਿਆ। ਕਰਤਾ ਨੇ ਉਸ ਨੂੰ ਇਸ ਦੁਖ ਦੀ ਅਵਸਥਾ ਵਿਚੋਂ ਗੁਰਬਾਣੀ ਦਾ ਠੁਮ੍ਹਣਾ ਦੇ ਕੇ ਭਾਣਾ ਮੰਨਣ ਦੇ ਰਾਹ ਪਾਉਣ ਲਈ ਇਕ ਸੁੰਦਰੀ ਦੇ ਪਾਤਰ ਰਾਹੀਂ ਗਿਆਨ ਖੰਡ ਦਾ ਸੰਦੇਸ਼ ਸਮਝਾਇਆ ਹੈ। ਅਗਲੇ ਪੜਾਅਸਰਮ ਖੰਡ ਅਤੇ ਕਰਮ ਖੰਡ ਦੱਸੇ ਹਨ। ਅਖ਼ੀਰ ਸੱਚ ਖੰਡ ਵਾਲੀ ਮੰਜ਼ਿਲ ਅਸਲੀ ਟਿਕਾਣਾ ਹੈ। ਰਾਣੀ ਦੀ ਸੋਚ ਉਡਾਰੀ ਨੂੰ ਸੱਚ ਖੰਡ ਦੀ ਰਮਜ਼ ਸਮਝਾਈ ਜਾਂਦੀ ਹੈ ਜਿਥੇ ਉਸ ਦਾ ਪਤੀ ਨਿਵਾਸ ਕਰਦਾ ਤਸੱਵਰ ਕੀਤਾ ਜਾਂਦਾ ਹੈ।

ਰਾਣੀ ਦੇ ਚਰਿੱਤਰ ਵਿਚੋਂ ਪਕਿਆਈ, ਦ੍ਰਿੜ੍ਹਤਾ ਅਤੇ ਸਿੱਖੀ ਅਸੂਲਾਂ ਦੀ ਝਲਕ ਵਿਖਾਉਣ ਲਈ ਕਹਿਲੂਰ ਦੇ ਰਾਜੇ ਦੀ ਭੇਜੀ ਚਿੱਠੀ ਦਾ ਵੇਰਵਾ ਆਉਂਦਾ ਹੈ। ਜਿਸ ਵਿਚ ਰਾਣਾ ਮਰਨ ਸਮੇਂ ਰਾਣੀ ਰਾਜ ਕੌਰ ਨੂੰ ਸਲਾਹ ਦਿੰਦਾ ਦਸਿਆ ਗਿਆ ਹੈ ਕਿ ਉਹ ਉਸ ਦੀ ਮੌਤ ਤੋਂ ਮਗਰੋਂ ਰਾਜੇ ਕਹਿਲੂਰ ਨਾਲ ਵਿਆਹ ਕਰ ਲਵੇ। ਇਸ ਚਿੱਠੀ ਦੇ ਤੱਥਾਂ ਨੂੰ ਰਾਣੀ ਅਸਲੋਂ ਨਕਾਰਦੀ ਹੈ। ਨਾ ਉਹ ਵਿਆਹ ਦੇ ਬੰਧਨ ਬਾਰੇ ਸੋਚਦੀ ਹੈ ਨਾ ਉਹ ਰਾਣੇ ਦੀ ਸਲਾਹ ਨੂੰ ਸੱਚ ਮੰਨਦੀ ਹੈ। ਰਾਣਾ ਅਜਿਹੀ ਸਲਾਹ ਵਾਲੀ ਚਿੱਠੀ ਨਹੀਂ ਲਿਖ ਸਕਦਾ ਇਹ ਰਾਣੇ ਦੇ ਅਸੂਲਾਂ ਦੇ ਪੱਧਰ ਦੀ ਸਲਾਹ ਨਹੀਂ ਹੈ।

ਰਾਣਾ ਨਹੀਂ ਰਿਹਾ ਪਰ ਰਾਣੇ ਦੀਆਂ ਯਾਦਾਂ ਤਾਂ ਹਨ, ਉਸ ਦੇ ਅਸੂਲ ਤਾਂ ਹਨ, ਉਸ ਦਾ ਸਿੱਖੀ ਆਦਰਸ਼ ਤਾਂ ਹੈ। ਜੀਉਂਦੇ ਰਹਿਣ ਲਈ ਇਹੀ ਕਾਫ਼ੀ ਹੈ। ਰਾਣੀ ਫ਼ੈਸਲਾ ਕਰ ਲੈਂਦੀ ਹੈ।

ਕਥਾ ਨੂੰ ਅੱਗੇ ਤੋਰਨ ਲਈ ਪਰਾਸਰੀਰਕ ਨਾਰੀ ਪਾਤਰ ਇਕ ਪਰੀ ਸ਼ਾਮਲ ਕੀਤੀ ਜਾਂਦੀ ਹੈ ਜੋ ਉਸ ਨੂੰ ਆਪਣੀ ਗਾਥਾ ਸੁਨਾਉਂਦੀ ਹੈ। ਫਿਰ ਪਰਮਾਰਥ ਦੇ ਮਾਰਗ ਸਮਝਾਉਂਦੀ ਹੈ।

ਰਾਧਾ ਨਾਮ ਦੀ ਪਾਤਰ ਰਾਣੀ ਦਾ ਧਿਆਨ ਰੱਖਦੀ ਹੈ, ਉਸ ਦੀ ਸੇਵਾ ਕਰਦੀ ਹੈ। ਹਰ ਸਮੇਂ ਉਸ ਦੇ ਨਾਲ ਰਹਿੰਦੀ ਹੈ। ਛੁੱਟ ਉਸ ਸਮੇਂ ਤੋਂ ਜਦੋਂ ਰਾਣੀ ਇਕਾਂਤ ਮੰਗਦੀ ਹੋਵੇ।

ਇਕਾਂਤ ਦਾ ਸਮਾਂ ਵੀ ਉਸ ਦੀ ਪਾਤਰ ਉਸਾਰੀ ਵਿਚ ਸਹਾਈ ਹੁੰਦਾ ਹੈ ਜਦੋਂ ਉਹ ਰਾਣਾ ਸੂਰਤ ਸਿੰਘ ਦੇ ਪੱਤਰ ਪੜ੍ਹਨ ਵਿਚ ਸਮਾਂ ਬਿਤਾਉਂਦੀ ਹੈ। ਉਨ੍ਹਾਂ ਵਿਚੋਂ ਇਕ ਪੱਤਰ ਦੇ ਉਤਾਰੇ ਵਿਚ ਰਾਣਾ ਸੂਰਤ ਸਿੰਘ ਮਾਈ ਕਰਮ ਕੌਰ ਵੱਲ ਲਿਖੇ ਅਫ਼ਸੋਸ ਦੇ ਪੱਤਰ ਦਾ ਹੈ ਜਿਸ ਵਿਚ ਰਾਣਾ ਉਸ ਮਾਤਾ ਦੇ ਪੁੱਤਰ ਦੇ ਯੁੱਧ ਵਿਚ ਸ਼ਹੀਦ ਹੋਣ ਉਤੇ ਹਮਦਰਦੀ ਪਰਗਟ ਕਰਦਾ ਹੋਇਆ ਲਿਖਦਾ ਹੈ:-

ਗੁਰੂ ਸਵਾਰੀ ਆਪ, ਮਾਤਾ ਪਿਆਰੀਏ!ਸ਼ੇਰ ਸਿੰਘ ਦੀ ਮੌਤ ਪਹੁੰਚੀ ਆ ਅਸਾਂ, ਤੂੰ ਰਹੀਓਂ ਜਗ ਵਿਚ ਇਕ ਇਕੱਲੜੀ। ਰਣ ਆਇ ਚਿਤ ਸੋਚ ਤੇਰੇ ਹਾਲ ਨੂੰ; ਪਰ ਰੋਵਣ ਦੀ ਨਾਹਿੰ ਮਾਤਾ! ਥਾਉਂ ਏ। ਤੇਰੇ ਪਤੀ ਸ਼ਹੀਦ ਹੋਏ ਜੂਝਦੇ, ਦੋ ਪੁੱਤ ਸਫ਼ਲੇ ਜੰਗ ਸਨਮੁਖ ਜੂਝ ਕੇ; ਧੀ ਭੀ ਯੁੱਧ ਮੈਦਾਨ ਹੋਈ ਸ਼ਹੀਦ ਸੀ; ਹੁਣ ਛੇਕੜ ਦਾ ਲਾਲ, ਦੀਪਕ ਵੰਸ਼ ਦਾ;ਉਜਲ ਕਰਦਾ ਵੰਸ਼, ਸੁਹਣਾ ਜੂਝਿਆ।

ਇਹ ਪੱਤਰ ਰਾਣੀ ਰਾਜ ਕੌਰ ਨੂੰ ਸਮਝਾਉਣੀ ਵੀ ਦੇਂਦੀ ਹੈ ਕਿ ਧੰਨ ਹੈ ਇਕ ਮਾਂ ਜਿਸ ਨੇ ਤਿੰਨ ਪੁੱਤਰ ਅਤੇ ਇਕ ਧੀ ਜੰਗ ਵਿਚ ਤੋਰੇ ਅਤੇ ਸਭ ਦੀ ਸ਼ਹੀਦੀ ਦੇ ਸੁਨੇਹੇ ਆਪਣੀ ਝੋਲੀ ਵਿਚ ਪੁਆਏ।

ਇਕ ਹੋਰ ਪੱਤਰ ਹੈ ਜਿਸ ਵਿਚ ਰਾਣੇ ਨੇ ਭਾਈ ਤਾਰੂ ਸਿੰਘ ਸ਼ਹੀਦ ਦੀ ਭੈਣ ਨੂੰ ਉਸ ਦੀ ਮਾਤਾ ਦੇ ਸੁਰਗਵਾਸ ਦਾ ਅਫ਼ਸੋਸ ਪਰਗਟ ਕੀਤਾ ਹੈ:-

**ਸੰਤ ਵੀਰ ਦੀ ਭੈਣ! ਵੀਰ ਪਿਆਰੀਏ! ਵੀਰ ਵਿਛੋੜੇ-ਤੀਰ ਨਾਲ ਵਿਨ੍ਹੀਵੀਏ!....**

**ਕੰਨੀ ਪਈ ਆਵਾਜ਼ ਸਾਡੇ ਹੈ ਹੁਣੇ, ਬ੍ਰਿਧਾ ਤੇਰੀ ਮਾਤ ਸੱਚੀ ਸਿੰਘਣੀ।**

**ਸਿੱਖੀ ਸਿਦਕ ਨਿਭਾਹ ਸਚਖੰਡ ਜਾ ਬਸੀ। ਫ਼ਖ਼ਰ ਪੰਥ ਦਾ ਓਹ ਕੁਲ ਦਾ ਦੀਪ ਓ,**

**ਦਸਵੇਂ ਗੁਰ ਦੀ ਉਹ ਹੈਸੀ ਪੁੱਤਰੀ।**

ਸਾਧਾਰਣ ਪਾਠਕ ਨੂੰ ਇਹ ਪੱਤਰ ਸਿੱਖ ਇਤਿਹਾਸ ਦੇ ਪੰਨੇ ਪਰਤਣ ਲਈ ਮਜਬੂਰ ਕਰਦੇ ਹਨ ਜੋ ਸ਼ਹੀਦਾਂ ਦੇ ਖ਼ੂਨ ਨਾਲ ਲਿਖਿਆ ਹੋਇਆ ਹੈ।

ਗੁਰਬਾਣੀ ਅਨੁਸਾਰ ਸਤਿਸੰਗਤ ਅਜਿਹਾ ਸਥਾਨ ਹੈ ਜਿਥੇ ਪਹੁੰਚ ਕੇ ਮਨ ਟਿਕਾਉ ਦੀ ਅਵਸਥਾ ਵਿਚ ਆ ਜਾਂਦਾ ਹੈ। ਤਦੇ ਭਾਈ ਗੁਰਦਾਸ ਜੀ ਨੇ ਫ਼ੁਰਮਾਇਆ ਹੈ:-

**ਸਾਧ ਸੰਗਤਿ ਵਿਟਹੁ ਕੁਰਬਾਣੀ।**

ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਸਾਧ ਸੰਗਤ ਵਿਚ ਪਹੁੰਚ ਕੇ ਸਭੇ ਇਖ਼ਲਾਕੀ ਗੁਣ ਇਨਸਾਨ ਵਿਚ ਆ ਵਸਦੇ ਹਨ। ਇਹ ਮਨੁਖ ਨੂੰ ਸੋਨੇ ਤੋਂ ਪਾਰਸ ਬਨਾਉਣ ਦੀ ਸਮਰਥਾ ਰਖਦੀ ਹੈ। ਇਸੇ ਕਰਕੇ ਆਪ ਸਾਧ ਸੰਗਤ ਤੋਂ ਕੁਰਬਾਨ ਜਾਂਦੇ ਹਨ।

ਰਾਣੀ ਰਾਜ ਕੌਰ ਨੂੰ ਵੀ ਸਤਿਸੰਗ ਵਿਚ ਪਹੁੰਚ ਕੇ ਕੀਰਤਨ ਸੁਣ ਕੇ ਢਾਰਸ ਮਿਲਦੀ ਹੈ। ਜਦੋਂ ਉਹ ਗੁਰਮਤਿ ਵਿਚਾਰਾਂ ਸੁਣਦੀ ਹੈ ਉਸ ਨੂੰ ਜ਼ਿੰਦਗੀ ਦੀ ਹਕੀਕਤ ਸਮਝ ਆਉਂਦੀ ਹੈ। ਕਿਸੇ ਪਿਆਰੇ ਦੇ ਮਰਨ ਦੇ ਵਿਛੋੜੇ ਦੀ ਭਟਕਣ ਕਦੀ ਢਾਰਸ ਨਹੀਂ ਦੇ ਸਕਦੀ ਸਗੋਂ ਉਸ ਦੇ ਅਧੂਰੇ ਰਹਿ ਗਏ ਕੰਮਾਂ ਨੂੰ ਪੂਰਾ ਕਰਨ ਵਿਚ ਸਮਾਂ ਬਿਤਾਉਣਾ ਵੀ ਉਸ ਦੀ ਯਾਦ ਨੂੰ ਸਮਰਪਤ ਹੁੰਦਾ ਹੈ।

ਇੰਜ ਰਾਣੀ ਯਾਦਾਂ ਅਤੇ ਸੁਪਨਿਆਂ ਦੀ ਦੁਨੀਆਂ ਵਿਚੋਂ ਬਾਹਰ ਆਉਂਦੀ ਹੈ। ਸਤਿਸੰਗ ਦੁਆਰਾ ਮਿਲੇ ਗਿਆਨ ਨੂੰ ਉਹ ਪਰਮਾਰਥ ਕਾਰਜਾਂ ਲਈ ਵਰਤਦੀ ਹੈ। ਆਪਣੀ ਪਰਜਾ ਪ੍ਰਤੀ ਆਪਣੇ ਫ਼ਰਜ਼ਾਂ ਵਲ ਧਿਆਨ ਦੇਂਦੀ ਹੈ। ਰਾਜ ਕਾਜ ਦੇ ਕੰਮਾਂ ਵਿਚ ਦਿਲਚਸਪੀ ਲੈਂਦੀ ਹੈ ਅਤੇ ਪਰਮਾਤਮਾ ਦੇ ਰੰਗ ਵਿਚ ਰੰਗੀਜ ਕੇ ਉਹ ਰਾਜ ਜੋਗ ਤਕ ਪਹੁੰਚਦੀ ਹੈ।

ਕਰਤਾ ਨੇ ਰਾਣਾ ਸੂਰਤ ਸਿੰਘ ਦੀ ਉਥਾਨਕਾ ਵਿਚ ਰਾਣੀ ਬਾਰੇ ਜੋ ਦਰਜ ਕੀਤਾ ਹੈ, ਉਸ ਵਿਚੋਂ ਸਿੱਖੀ ਦਰਸ਼ਨ ਸਪਸ਼ਟ ਮਿਲਦੇ ਹਨ:-

**'ਉਹ ਸਿੱਖ ਰਾਣੇ ਦੀ ਕੰਨਿਆ, ਸਿੱਖ ਮਾਤਾ ਦੀ ਦੁਲਾਰੀ, ਸਿੱਖ ਸੰਗਤ ਵਿਚ ਪਲੀ,**
**ਅੰਮ੍ਰਿਤਧਾਰੀ ਸਿੱਖ ਪਤੀ ਦੀ ਨਾਰ, ਸਿੱਖੀ ਧਰਮ ਦੇ ਸਭ ਗੁਣਾਂ ਨੂੰ ਜਾਨਣ ਵਾਲੀ ਸੀ।**
**ਨਿਤਨੇਮ, ਨਾਮ ਦਾਨ, ਇਸ਼ਨਾਨਵਿਚ ਸਿੱਖੀ ਨੂੰ ਨਿਭਾਉਂਦੀ ਸੀ।**
**ਸਦਾਚਾਰ ਅਤੇ ਧਰਮ ਭਾਵ ਦੀ ਪੁਤਲੀ ਸੀ।**
**ਪਰ ਪਤੀ ਪਿਆਰ ਦੀ ਕਾਂਗ ਵਿਚ ਉਹ ਪਤੀ ਵਿਚ ਗੁਰਮੁਖ ਪ੍ਰੇਮ ਦੀ ਜਾਣੂ ਨਹੀਂ ਸੀ'।**

*(ਰਾਣਾ ਸੂਰਤ ਸਿੰਘ- ਉਥਾਨਕਾ ਸ.ਫਾ 'ਸ')*

ਕਰਤਾ ਦਸਦਾ ਹੈ ਕਿ ਰਾਣਾ ਸੂਰਤ ਸਿੰਘ ਵੀ ਯਤਨਸ਼ੀਲ ਸੀ ਕਿ ਰਾਣੀ ਰਾਜ ਕੌਰ ਨੂੰ ਨਿਰਾ ਮੇਰੇ ਨਾਲ ਅਟੁੱਟ ਪ੍ਰੇਮ ਦੀ ਥਾਂ ਵਾਹਿਗੁਰੂ ਸਰੂਪ ਵਿਚ ਟਿਕਾਉ ਅਤੇ ਲੀਨਤਾ ਮਿਲ ਜਾਵੇ। ਤਕਦੀਰ ਨੇ ਕੁਝ ਹੋਰ ਰੰਗ ਪਲਟ ਦਿੱਤਾ। ਇਹ ਭਾਵ ਰਾਣੀ ਦੀ ਆਤਮਾ ਵਿਚ ਡੂੰਘੇ ਸਿੰਜਰ ਗਏ ਪਰ ਨਾਲ ਹੀ ਧਰਮੀ ਪਤੀ ਨਾਲ ਖਿੱਚ ਏਨੀ ਵਧੀ ਜਿਸ ਦਾ ਬਿਆਨ ਕਰ ਸਕਣਾ ਨਾ-ਮੁਮਕਿਨ ਹੈ। ਰਾਣੇ ਦੀ ਕੋਸ਼ਿਸ਼ ਅਜੇ ਪੂਰੀ ਤਰ੍ਹਾਂ ਫਲੀਭੂਤ ਨਹੀਂ ਸੀ ਹੋਈ ਕਿ ਉਸ ਨੂੰ ਕਾਦਰ ਨੇ ਸੱਦਾ ਭੇਜ ਕੇ ਆਪਣੇ ਪਾਸ ਬੁਲਾ ਲਿਆ।

ਦਾਸੀ ਵੀ ਪਤੀ-ਵਿਛੋੜੇ ਵਿਚ ਡੁੱਬੀ ਰਾਣੀ ਨੂੰ ਅਟੱਲ ਸਚਾਈ ਰਾਹੀਂ ਸਮਝਾਉਂਦੀ ਹੈ:-

ਪਯਾਰੀ! ਕਰ ਸੰਤੋਖ, ਧੀਰਜ ਧਾਰ ਲੈ; ਭਾਵੀ ਸਦਾ ਅਮੇਟ ਮਿਟਦੀ ਨਾ ਕਦੇ। ਟਲਦੀ ਨਹੀਂ ਟਲਾਇ ਕਰੋ ਬਥੇਰੜਾ; ਤਾਂ ਤੇ ਸਿਰ ਨਿਹੁੜਾਇ ਇਸ ਨੂੰ ਝਲੀਏ।

ਰਾਣੀ ਆਪਣੇ ਪਤੀ ਨੂੰ ਮਰਿਆ ਹੋਇਆ ਕਬੂਲਣ ਲਈ ਤਿਆਰ ਨਹੀਂ, ਦਿਲ ਵਿਚ ਪਤੀ ਨੂੰ ਮਿਲਨ ਦੀ ਤਾਂਘ ਕਾਇਮ ਹੈ:-

**ਵਿਧਵਾ ਵਾਂਙ ਨਿਰਾਸ ਪਰ ਨਹੀਂ ਹੋਵਦੀ: "ਮਰ ਹੋ ਬੀਤਯਾ ਕੰਤ" ਨਾਹੀਂ ਜਾਣਦੀ:**
**ਵਾਂਗ ਬਿਰਹਨੀ ਨਾਰ ਛਡਦੀ ਤਾਂਘ ਨਾਂ।**

ਅਤੇ ਹੋਰ ਆਖਦੀ ਹੈ:-

**'ਮੋਇਆ ਮੇਰਾ ਕੰਤ ਭਾਣੇ ਜੱਗ ਦੇ, ਮੈਨੂੰ ਮਰਿਆ ਨਾਂਹ ਹਰਦਮ ਜੀਂਵਦਾ।**
**ਲੋਕਾਂ ਭਾਣੇ ਠੀਕ ਵਿਧਵਾ ਹੋਈ ਆਂ, ਆਪਣੇ ਭਾਣੇ ਆਪ ਅਹਾਂ ਸੁਹਾਗਣੀ:**
**ਅਮਰ, ਅਟੱਲ, ਸਦੀਵ ਮੇਰਾ ਹੈ ਪਤੀ।**

ਅਖੀਰਲੀ ਪੰਕਤੀ ਅਮਰ ਅਟੱਲ ਅਤੇ ਸਦੀਵ ਸੁਹਾਗ ਦਾ ਸੰਕਲਪ ਗੁਰਬਾਣੀ ਦੇ 'ਥਿਰ ਸੁਹਾਗ' ਵਾਲਾ ਭਾਵ ਯਾਦ ਕਰਾਉਂਦਾ ਹੈ। ਥਿਰ ਸੁਹਾਗ ਪਰਮਾਤਮਾ ਅਮਰ ਹੈ, ਉਸ ਦੀ ਜੋਤ 'ਆਤਮਾ' ਅਮਰ ਹੈ। ਜੀਵਆਤਮਾ ਕਦੀ ਵਿਧਵਾ ਨਹੀਂ ਹੁੰਦੀ ਕਿਉਂਕਿ ਪਰਮਾਤਮਾ ਅਮਰ ਹੈ ਸਦੀਵੀ ਹੈ। ਜੀਵਆਤਮਾ ਸੁਹਾਗਣ ਹੈ ਜਾਂ ਦੁਹਾਗਣ ਹੈ।

ਇਸ ਮਹਾਂ ਕਾਵਿ ਵਿਚ ਆਏ ਸਾਰੇ ਇਸਤਰੀ ਪਾਤਰ ਭਾਈ ਵੀਰ ਸਿੰਘ ਜੀ ਦੇ ਗੁਰਮਤਿ ਦਰਸ਼ਨ ਦੇ ਧਾਰਨੀ ਹਨ। ਸਦ ਗੁਣਾਂ ਦੇ ਧਾਰਨੀ ਹਨ। ਆਮ ਇਨਸਾਨ ਵਾਂਗ ਦੁਖ ਆਉਣ ਸਮੇਂ ਦੁਖੀ ਹੁੰਦੇ ਹਨ ਪਰ ਹਰ ਵੇਲੇ ਦੁਖੀ ਰਹਿਣ ਨੂੰ ਬੇਅਰਥ ਸਮਝਦੇ ਹਨ। ਫਿਰ ਇਸ ਦੁਖ ਵਿਚੋਂ ਨਿਕਲਣ ਦਾ ਰਾਹ ਲੱਭ ਕੇ ਆਪਣਾ ਫ਼ਰਜ਼ ਨਿਭਾਉਣ ਦੇ ਰਾਹ ਪੈਂਦੇ ਹਨ।

ਨਾਰੀ ਪਾਤਰ ਦੇ ਚਿਤਰਨ ਵੇਲੇ ਨਾਰੀ ਦਾ ਮਨੋ ਵਿਗਿਆਨ ਸਮਝਣਾ ਵੀ ਜ਼ਰੂਰੀ ਹੈ। ਕਰਤਾ ਨੇ ਇਸ ਪੱਖੋਂ ਵੀ ਇਨਸਾਫ਼ ਕਰਨ ਦਾ ਯਤਨ ਕੀਤਾ ਹੈ। ਮਾਂ-ਧੀ ਦਾ ਇਕ ਦੂਜੇ ਪ੍ਰਤੀ ਲਗਾਓ, ਮਾਂ ਵਲੋਂ ਧੀ ਦੇ ਦੁਖ ਨੂੰ ਘਟਾਉਣ ਲਈ ਕਈ ਓਹੜ ਪੋਹੜ ਕਰਨੇ ਕੁਦਰਤੀ ਵਰਤਾਰੇ ਹਨ। ਰਾਣੀ ਰਾਜ ਕੌਰ ਇਕ ਪਤੀ ਬ੍ਰਤਾ ਨਾਰ ਹੈ ਅਤੇ ਉਸ ਦੀ ਮਾਂ ਰਾਜ-ਮਾਤਾ ਆਪਣੇ ਧੀ ਦੇ ਅੰਤਰੀਵ ਦੁਖ ਨੂੰ ਸਮਝਦੀ ਹੋਈ ਖ਼ੁਦ ਨੂੰ ਲਾਚਾਰ ਨਹੀਂ ਸਮਝਦੀ ਸਗੋਂ ਉਸ ਨੂੰ ਇਸ ਦੁਖ ਵਿਚੋਂ ਕੱਢਣ ਲਈ ਸਬੀਲਾਂ ਸੋਚਦੀ ਹੈ। ਇਸ ਮਹਾਂ ਕਾਵਿ ਤੋਂ ਪਹਿਲਾਂ ਇਕ ਲੰਬੀ ਕਵਿਤਾ ਆਪ ਨੇ ਲਿਖੀ ਸੀ ਜੋ ਨਨਾਣ ਭਰਜਾਈ ਦੇ ਰਿਸ਼ਤੇ ਬਾਰੇ ਹੈ। ਨਨਾਣ ਭਰਜਾਈ ਦੇ ਰਿਸ਼ਤੇ ਦਾ ਬਾਕੀ ਸਾਰੇ ਪਰਿਵਾਰਕ ਰਿਸ਼ਤਿਆਂ ਉਪਰ ਜੋ ਪ੍ਰਭਾਵ ਪੈਂਦਾ ਹੈ ਉਹ ਇਸ ਕਵਿਤਾ ਰਾਹੀਂ ਸਿਖਿਆ ਦਾਇਕ ਅੰਦਾਜ਼ ਵਿਚ ਉਘਾੜਿਆ ਗਿਆ ਹੈ।

ਜਿਸ ਧੀ ਨੇ ਸੁੰਦਰੀ, ਸਤਵੰਤ ਕੌਰ, ਰਾਣੀ ਰਾਜ ਕੌਰ ਦੇ ਪਾਤਰਾਂ ਦਾ ਗਹਿਨ ਅਧਿਐਨ ਕੀਤਾ ਹੈ, ਉਨ੍ਹਾਂ ਦੇ ਗੁਣਾਂ ਨੂੰ ਅਪਨਾਉਣ ਦਾ ਉਪਰਾਲਾ ਕੀਤਾ ਹੈ; ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਉਸ ਦੀ ਚੁੰਨੀ ਖਿੱਚਣ ਦਾ ਜਾਂ ਉਸ ਦਾ ਪਰਸ ਖੋਹਣ ਦਾ ਹੀਆ ਕੋਈ ਨਹੀਂ ਕਰ ਸਕਦਾ।

❑❑❑

# ਪਾਠਕਾਂ ਦੇ ਪ੍ਰਤੀਕਰਮ

**ਸ. ਨਿਰਮਲ ਸਿੰਘ:** ਮੈਂ ਨਿਰਗੁਣੀਆਰਾ ਦਾ ਨਵੇਂ ਰੂਪ ਵਿਚ ਨਵਾਂ ਜਨਵਰੀ 2014 ਅੰਕ ਵੇਖਿਆ ਹੈ। ਇਸ ਦੀ ਇਹ ਦਿੱਖ ਤੇ ਦੱਖ ਬੜੀ ਪਿਆਰੀ ਅਤੇ ਸੁੰਦਰ ਹੈ। ਇਸ ਵਿਚਲੇ ਲੇਖਾਂ ਦਾ ਵਿਸ਼ਾ ਨਵੀਂ ਦਿਸ਼ਾ ਪਰਦਾਨ ਕਰਦਾ ਹੈ। ਇਹ ਅੰਕ ਭਾਈ ਵੀਰ ਸਿੰਘ ਦੀ ਸ਼ਖਸੀਅਤ ਨੂੰ ਠੀਕ ਪ੍ਰਸੰਗ ਵਿਚ ਉਭਾਰਨ ਵਿਚ ਸਫ਼ਲ ਰਿਹਾ ਹੈ। ਆਸ ਕਰਦਾ ਹਾਂ ਕਿ ਅਗੋਂ ਵੀ ਇਹ ਕਾਰਜ ਨਿਰੰਤਰ ਏਸੇ ਤਰ੍ਹਾਂ ਜਾਰੀ ਰਹੇਗਾ।

ਇਸ ਨਰੋਏ ਕਾਰਜ ਲਈ ਸੰਪਾਦਕੀ ਮੰਡਲ ਪਾਠਕਾਂ ਦੇ ਧੰਨਵਾਦ ਦਾ ਪਾਤਰ ਹੈ।

***ਰੈਜ਼ੀਡੈਂਟ ਪ੍ਰੈਜ਼ੀਡੈਂਟ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ***

**ਪ੍ਰੋ. ਬਲਕਾਰ ਸਿੰਘ:** ਤ੍ਰੈਮਾਸਕ ਨਿਰਗੁਣੀਆਰਾ ਦਾ ਭਾਈ ਵੀਰ ਸਿੰਘ ਦੇ 142ਵੇਂ ਜਨਮ ਦਿਵਸ ਨੂੰ ਸਮਰਪਿਤ ਵਿਸ਼ੇਸ਼ ਅੰਕ ਮੈਨੂੰ ਡਾਕ ਰਾਹੀਂ ਪ੍ਰਾਪਤ ਹੋਇਆ ਸੀ ਅਤੇ ਪੜ੍ਹਦਿਆਂ ਹੀ ਅਹਿਸਾਸ ਜਾਗਿਆ ਸੀ ਕਿ ਭਾਈ ਵੀਰ ਸਿੰਘ ਦੀਆਂ ਪਾਈਆਂ ਪੈੜਾਂ ਤੇ ਚੱਲੇ ਬਿਨਾਂ ਸਿੱਖੀ ਵਲ ਨਹੀਂ ਮੁੜਿਆ ਜਾ ਸਕਦਾ। ਮੇਰਾ ਵਿਸ਼ਵਾਸ਼ ਹੈ ਕਿ ਸਾਡਾ ਸਿੱਖ-ਸਮਕਾਲ ਨਿਰਸੰਦੇਹ ਸਿੱਖੀ ਤੋਂ ਏਧਰ ਓਧਰ ਜਾਂ ਅੱਗੇ ਪਿੱਛੇ ਨਿਕਲ ਗਿਆ ਹੈ ਅਤੇ ਮਗਰ ਮੁੜਨ ਦੀ ਤੁਰਤ-ਲੋੜ ਬਣੀ ਹੋਈ ਹੈ। ਮੈਂ ਉਹਨਾਂ ਕਾਰਨਾ ਵਿਚ ਨਹੀਂ ਜਾਣਾ ਚਾਹੁੰਦਾ, ਜਿਨ੍ਹਾਂ ਕਰਕੇ ਸਿੱਖੀ ਅਤੇ ਸਿੱਖੀ ਦੇ ਵਾਰਸ, ਰੇਲ ਦੀਆਂ ਦੋ ਪਟੜੀਆਂ ਵਾਂਗ ਸਮਾਨਾਂਤਰਤਾ ਵਿਚ ਭੱਜੇ ਜਾ ਰਹੇ ਹਨ। ਆਪਣੀ ਵਿਰਾਸਤ ਨੂੰ ਕਿਵੇਂ ਸੰਭਾਲਣਾ ਹੈ, ਕਿਵੇਂ ਵਰਤਣਾ ਹੈ ਅਤੇ ਕਿਵੇਂ ਅਗੇ ਤੋਰਨਾ ਹੈ, ਇਸ ਦੀਆਂ ਪੈੜਾਂ ਭਾਈ ਵੀਰ ਸਿੰਘ ਨੇ ਪਾ ਦਿੱਤੀਆਂ ਸਨ। ਆਧੁਨਿਕਤਾ ਦੇ ਉਲਾਰ ਨਾਲ ਉਲਝਣ ਦੀ ਥਾਂ, ਭਾਈ ਸਾਹਿਬ ਨੇ ਸਿੱਖ-ਬਚਨਬੱਧਤਾ, ਸਿੱਖ-ਅਨੁਭਵ ਅਤੇ ਸਿੱਖ-ਸੁਜੱਗਤਾ ਨੂੰ ਨਾਲ ਲੈਕੇ, ਸਿੱਖ-ਭਾਈਚਾਰੇ ਦੀ ਮਾਨਸਿਕਤਾ ਨੂੰ ਵਿਰਾਸਤੀ-ਜੜ੍ਹਾਂ ਨਾਲ ਜੋੜਣ ਅਤੇ ਸਿੱਖੀ ਵਲ ਮੋੜਣ ਵਾਸਤੇ ਖੂਬ ਵਰਤਿਆ ਸੀ। ਉਨ੍ਹਾਂ ਦੀਆਂ ਪੁਸਤਕਾਂ ਕਿਹੜੀਆਂ, ਕਿਵੇਂ ਵਰਤੀਆਂ ਗਈਆਂ, ਇਹ ਦਾਸਤਾਨ ਲੰਬੀ ਹੈ ਅਤੇ ਇਸ ਅਕਾਦਮਿਕ ਬਹਿਸ ਦੀ ਇਥੇ ਲੋੜ ਨਹੀਂ ਹੈ। ਬੇਸ਼ੱਕ ਇਹ ਅਕਾਦਮਿਕ ਪ੍ਰਸੰਗ ਉਸ ਤਰ੍ਹਾਂ ਸਾਹਮਣੇ ਨਹੀਂ ਆਇਆ ਜਿਵੇਂ ਇਸ ਵੇਲੇ ਗੱਲ ਕੀਤੀ ਜਾ ਰਹੀ ਹੈ। ਪੰਜਾਬੀ ਅਕਾਦਮਿਕਤਾ ਨੇ ਭਾਈ ਵੀਰ ਸਿੰਘ ਦੇ ਯੋਗਦਾਨ ਵਲ ਕਿਉਂ ਪਿੱਠ ਕੀਤੀ ਅਤੇ ਸਿੱਖ ਵਾਰਸਾਂ ਨੇ ਉਸ ਨੂੰ ਸ਼ਰਧਾ-ਬਿੰਬ ਤੱਕ ਕਿਉਂ ਮਹਿਦੂਦ ਕੀਤਾ, ਇਸ ਦੇ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ। ਪਰ ਮਹਿਸੂਸ ਇਹੀ ਕਰ ਰਿਹਾ ਹਾਂ ਕਿ ਇਸ ਵਿਸਥਾਰ ਵਿਚ ਜਾਣਾ ਜ਼ਰੂਰ ਚਾਹੀਦਾ ਹੈ। ਇਸ ਦੀ ਲੋੜ ਇਸ ਕਰਕੇ ਹੋਰ ਵੀ ਵਧ ਗਈ ਹੈ ਕਿਉਂਕਿ ਪੰਜਾਬੀ ਅਕਾਦਮਿਕਤਾ ਵਿਚ ਭਾਈ ਵੀਰ ਸਿੰਘ ਨੂੰ ਲੋੜੀਂਦੇ ਪ੍ਰਸੰਗ ਵਿਚ ਸਥਾਪਤ ਕੀਤੇ ਜਾਣ ਦੀ ਲੋੜ ਹੈ। ਸਮਾਂ ਆ ਗਿਆ ਹੈ ਕਿ ਸਿੱਖ-ਚੇਤਨਾ ਇਹ ਸੋਚੇ ਕਿ ਭਾਈ ਸਾਹਿਬ ਨੂੰ ਆਰਕਾਈਵਲ-ਧੱਕ ਵਿਚੋਂ ਕੱਢਕੇ ਸਮਕਾਲੀ-ਪ੍ਰਸੰਗ ਵਿਚ ਕਿਵੇਂ ਸਾਹਮਣੇ ਲਿਆਉਣਾ ਹੈ? ਮੈਨੂੰ ਖੁਸ਼ੀ ਹੋਈ ਹੈ ਕਿ "ਨਿਰਗੁਣੀਆਰਾ" ਦੀ ਫਿਰ ਤੋਂ ਛਪਾਈ ਰਾਹੀਂ ਇਸ ਪਾਸੇ ਕਦਮ ਪੁੱਟਿਆ ਗਿਆ ਹੈ।

ਭਾਈ ਵੀਰ ਸਿੰਘ ਦੇ ਪੁਰਾਣੇ ਨਿਰਗੁਣੀਆਰਾ ਅੰਕਾਂ ਦੇ ਮੰਤਵ ਨੂੰ ਅਪਨਾ ਕੇ, ਪਾਠਕੀ-ਮਾਨਸਿਕਤਾ ਤੱਕ ਪਹੁੰਚਣ ਦੇ ਤਾਜ਼ਾ ਹੀਲੇ ਕੀਤੇ ਜਾਣ ਦੀ ਲੋੜ ਨੂੰ ਇਹ ਯਤਨ ਪੂਰਿਆਂ ਕਰਦਾ ਹੈ। ਭਾਈ ਸਾਹਿਬ ਨੇ ਆਪਣੇ ਢੰਗ ਨਾਲ ਅਤੇ ਸਮਕਾਲੀ ਲੋੜ ਮੁਤਾਬਿਕ ਡੀ-ਕੋਡਿੰਗ ਸ਼ੈਲੀ ਦੀ ਵਰਤੋਂ ਕੀਤੀ ਸੀ। ਉਨ੍ਹਾਂ ਨੇ ਇਤਿਹਾਸ ਅਤੇ ਇਤਿਹਾਸ ਦੀ ਸ੍ਰੋਤ ਬਾਣੀ ਨੂੰ ਲੈਕੇ ਅਜਿਹਾ ਕੀਤਾ ਸੀ ਅਤੇ ਅਸੀਂ ਉਨ੍ਹਾਂ ਦੀਆਂ ਲਿਖਤਾਂ ਨੂੰ ਲੈਕੇ ਤਾਂ ਅਜਿਹਾ ਕਰ ਹੀ ਸਕਦੇ ਹਾਂ। ਇਸ ਲੋੜ ਬਾਰੇ ਭਵਿਖਬਾਣੀ ਪ੍ਰੋ. ਪੂਰਨ ਸਿੰਘ ਨੇ ਕਰ ਦਿਤੀ ਸੀ। ਪਰ ਇਸ ਸੁੱਚੇ ਯਤਨ ਨੂੰ ਵੀ ਚਰਣੀਂ ਲਗਣ ਤੱਕ ਸੀਮਿਤ ਕਰ ਦਿਤਾ ਗਿਆ ਸੀ। ਉਨ੍ਹਾਂ ਦਾ ਕੰਮ ਬੇਸ਼ੱਕ ਇੰਨਾਂ ਮੁਸ਼ਕਲ ਨਹੀਂ ਸੀ, ਜਿੰਨਾਂ ਸਾਡੇ ਲਈ ਹੋ ਗਿਆ ਹੈ? ਕਾਰਨ ਇਹ ਹੈ ਕਿ ਉਸ ਵੇਲੇ ਦੇ ਸਿੱਖ-ਸ਼ਰਧਾਵਾਨ ਉਨ੍ਹਾਂ ਦੀ ਗੱਲ ਨੂੰ ਧਿਆਨ ਨਾਲ ਸੁਨਣ ਲਈ ਤਿਆਰ ਸਨ। ਪਰ ਵਰਤਮਾਨ ਵਿਚ ਇਹ ਵਰਗ ਲਗਭਗ ਅਲੋਪ ਹੀ ਹੋ ਗਿਆ ਹੈ ਅਤੇ ਧਿਆਨ ਨਾਲ ਸੁਨਣ ਦਾ ਸਲੀਕਾ ਹੀ ਗੁੰਦਾ ਜਾ ਰਿਹਾ ਹੈ। ਸਿੱਖਾਂ ਦੇ ਸ਼ਰਧਾਲੂ ਵਰਗ ਦਾ ਸ਼ੋਸ਼ਣ ਵੀ ਇਕ ਕਾਰਨ ਹੋ ਗਿਆ ਹੈ। ਪਰ ਇਸ ਨਾਲੋਂ ਵੀ ਵਡਾ ਕਾਰਨ ਇਹ ਹੈ ਕਿ ਸਿੱਖਾਂ ਦੀ ਮੁਖ-ਧਾਰਾ ਦਾ ਅਪਹਰਣ ਹੋ ਗਿਆ ਹੈ। ਅਪਹਰਣ ਕਰਨ ਵਾਲੇ ਜੇ ਆਪਣਿਆਂ ਦੇ ਭੇਸ ਵਿਚ ਹੋਣ ਅਤੇ ਸ਼ਰਧਾਲੂਆਂ ਖਿਲਾਫ ਅਪਹਰਣ-ਗੱਠਜੋੜ ਵੀ ਬਣ ਜਾਵੇ ਤਾਂ ਸਥਿਤੀ ਦਾ ਗੰਭੀਰ ਅਤੇ ਦੁਖਾਂਤਕ ਹੋ ਜਾਣਾ ਕੁਦਰਤੀ ਹੈ। ਬੇਲੋੜੀਆਂ ਵੰਗਾਰਾਂ ਵਿਚ ਘਿਰਿਆ ਹੋਇਆ ਸਿੱਖ-ਭਾਈਚਾਰੇ ਕੋਲ ਨੰਦ ਲਾਲ ਨੂਰਪੁਰੀ ਦੇ ਸ਼ਬਦਾਂ ਵਿਚ "ਇਥੋਂ ਉਡ ਜਾ ਭੋਲਿਆ ਪੰਛੀਆ....." ਤੋਂ ਬਿਨਾਂ ਹੋਰ ਸੰਭਵ ਰਾਹ ਕਿਹੜਾ ਰਹਿ ਗਿਆ ਹੈ? ਭਾਈ ਵੀਰ ਸਿੰਘ ਦਾ ਪੰਜਾਬ ਵੀ ਕਈ ਟੁਕੜਿਆਂ ਵਿਚ ਵੰਡਿਆ ਜਾ ਚੁੱਕਾ ਹੈ ਅਤੇ ਹਰ ਟੁਕੜੇ ਦੀਆਂ ਸਭਿਆਚਾਰਕ ਤਬਦੀਆਂ ਨੂੰ ਨਾਲ ਲਏ ਬਿਨਾਂ, ਗੁਰੂ ਦੀਆਂ ਗੱਲਾਂ ਨਹੀਂ ਕੀਤੀਆਂ ਜਾ ਸਕਦੀਆਂ। ਇਹੋ ਜਿਹੇ ਹਾਲਾਤ ਵਿਚ ਵੀ ਗੁਰੂ ਦੀਆਂ ਗੱਲਾਂ ਕਰਣ ਦੀ ਜਾਚ ਅਸੀਂ ਭਾਈ ਵੀਰ ਸਿੰਘ ਤੋਂ ਸਿੱਖ ਸਕਦੇ ਹਾਂ।

ਲੋਕਾਂ ਵਿਚੋਂ ਨਿਕਲਕੇ ਅਕਾਦਮਿਕਤਾ ਦੇ ਸਹਾਰੇ ਨਾਲ ਖੂੰਜੇ ਲੱਗੀ ਖੱਬੇ ਪੱਖੀ ਲਹਿਰ ਨੂੰ ਰਿੜ੍ਹਦਾ ਰਖਣ ਲਈ ਕੁਝ ਮੈਗਜ਼ੀਨ ਧੂਣੀ ਤਪਾਈ ਬੈਠੇ ਹਨ। ਇਸ ਨਾਲ ਸੰਬਾਦ ਦੀਆਂ ਸੰਭਾਵਨਾਵਾਂ ਨੂੰ ਡੁਬਦੇ ਨੂੰ ਤਿਣਕੇ ਦੇ ਸਹਾਰੇ ਵਾਂਗ ਵਰਤਿਆ ਜਾ ਰਿਹਾ ਹੈ। ਸਾਨੂੰ ਵੀ ਚਾਹੀਦਾ ਹੈ ਕਿ ਸਿੱਖ-ਸ੍ਰੋਤ, ਸਿੱਖ-ਪ੍ਰਕਾਸ਼ ਅਤੇ ਸਿੱਖ-ਅਮਲ ਨੂੰ ਨਾਲ ਲੈਕੇ ਸੰਬਾਦੀ ਸੰਭਾਵਨਾਵਾਂ ਵਾਸਤੇ ਪਲੇਟਫਾਰਮ ਮੁਹਈਆਂ ਕਰਵਾਈਏ। ਇਸ ਦੇ ਰਾਹ ਵਿਚ ਸੰਭਾਵਤ ਮੁਸ਼ਕਲਾਂ ਦਾ ਅਹਿਸਾਸ

ਮੈਨੂੰ ਹੈ ਅਤੇ ਆਪਣੀ ਗੱਲ ਇਥੋਂ ਹੀ ਸ਼ੁਰੂ ਕੀਤੀ ਜਾ ਸਕਦੀ ਹੈ। ਬਖਸ਼ਿਸ਼ਾਂ ਦੇ ਰੋਹੜ ਵਿਚ ਰੁੜ੍ਹੇ ਜਾ ਰਹੇ ਸਿੱਖ ਭਾਈਚਾਰੇ ਨੂੰ ਕਦਮ ਰੋਕਕੇ ਇਸ ਬਾਰੇ ਸੋਚਣਾ ਚਾਹੀਦਾ ਹੈ। ਸਾਧਨ-ਸਮਰਥ ਸੰਸਥਾਵਾਂ ਨੂੰ ਇਸ ਪਾਸੇ ਤੁਰਨ ਦੀ ਪਹਿਲ ਕਰਨੀ ਚਾਹੀਦੀ ਹੈ। ਇਸ ਪੱਖੋਂ ਚੀਫ ਖਾਲਸਾ ਦੀਵਾਨ ਸਦਾ ਹੀ ਪਹਿਲ ਕਰਦਾ ਆਇਆ ਹੈ। ਆਤਮ-ਚੀਨਣ, ਸੰਗਤੀ-ਮੰਥਨ ਅਤੇ ਸਮਕਾਲੀ-ਚਿੰਤਨ ਰਲ ਮਿਲਕੇ ਹੀ ਸੰਭਾਵਨਾਵਾਂ ਸੰਭਵ ਹੋ ਸਕਦੀਆਂ ਹਨ। ਇਹ ਸੰਕੇਤ ਮਾਤਰ ਹੈ ਕਿਉਂਕਿ ਕੀਤੀਆਂ ਹੋਈਆਂ ਗੱਲਾਂ ਨੂੰ ਸੁਹਿਰਦਤਾ ਅਤੇ ਵਾਕ-ਚਾਤਰੀ ਨੂੰ ਰਲਗੱਡ ਕਰਕੇ ਇੱਛਤ ਪ੍ਰਸੰਗ ਉਸਾਰੇ ਜਾ ਸਕਦੇ ਹਨ।

**ਵਧਾਈ ਦੇਣ ਲਈ ਗੱਲ ਕਰਦਿਆਂ ਨਿਕਲ ਗਈ "ਚੀਕ-ਬੁਲਬੁਲੀ" ਦੇ ਨਾਲ ਨਾਲ ਕਹਿਣਾ ਤਾਂ ਇਹ ਚਾਹ ਰਿਹਾ ਹਾਂ ਕਿ ਹਰ ਇਕ ਨਿਗੁਣੀਆਰਾ ਅੰਕ ਵਿਚੋਂ ਅੱਧਾ ਅੰਕ ਭਾਈ ਸਾਹਿਬ ਦੇ ਪੁਰਾਣੇ ਨਿਰਗੁਣੀਆਰਾ ਵਿਚੋਂ ਹੋਵੇ ਤਾਂ ਚੰਗਾ ਹੈ। ਬਾਕੀ ਬਚੇ ਅੱਧੇ ਵਿਚ ਉਹੀ ਰਚਨਾਵਾਂ ਹੋਣੀਆਂ ਚਾਹੀਦੀਆਂ ਹਨ, ਜਿਹੜੀਆਂ ਭਾਈ ਸਾਹਿਬ ਦੀ ਸ਼ੈਲੀ ਨੂੰ ਅਗੇ ਤੋਰਨ ਵਿਚ ਸਹਾਇਤਾ ਕਰਦੀਆਂ ਹੋਣ। ਇਸ ਦੇ ਨਾਲ ਹੀ ਇਹ ਵੀ ਕਹਿ ਦਿਆਂ ਕਿ ਨ ਕਰਣ ਨਾਲੋਂ ਤਾਂ ਕੁਝ ਵੀ ਕਰਨਾ ਚੰਗਾ ਹੈ ਕਿਉਂਕਿ ਕੁਝ ਕਰਦੇ ਜਾਣਾ ਆਪਣੇ ਆਪ ਵਿਚ ਹਰ ਸਮਕਾਲ ਦੀ ਲੋੜ ਹੁੰਦਾ ਹੈ। ਅਦਾਰਾ ਨਿਰਗੁਣੀਆਰਾ ਦਾ ਸੰਪਾਦਕੀ ਮੰਡਲ ਵਧਾਈ ਦਾ ਪਾਤਰ ਹੈ। ਕਿਉਂਕਿ ਉਨ੍ਹਾਂ ਦੇ ਯਤਨ ਨਾਲ ਇਹ ਗੱਲ ਸਾਹਮਣੇ ਆ ਗਈ ਹੈ ਕਿ ਵਿਰਾਸਤੀ-ਅਮੀਰੀ ਦੇ ਗਲੋਂ, ਸਮਕਾਲੀ-ਗਰੀਬੀ ਨੂੰ ਲਾਹੁਣਾ ਹੀ ਪੈਣਾ ਹੈ। ਮਿਲੇ ਹੋਏ ਇਸ ਮੌਕੇ ਨੂੰ ਸਿਰ-ਜੋੜ ਮੁਹਿੰਮ ਬਨਾਉਣ ਵਾਸਤੇ ਗੁਰੂ ਜੀ ਅੰਗ ਸੰਗ ਹੋਵਨ,ਇਹ ਮੇਰੀ ਅਰਦਾਸ ਹੈ।**

***ਸਾਬਕਾ ਪ੍ਰੋਫੈਸਰ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।***

**ਪ੍ਰੋ. ਬਲਵੰਤ ਸਿੰਘ ਢਿਲੋਂ:** ਉਨ੍ਹੀਵੀਂ ਸਦੀ ਦਾ ਪਿਛਲਾ ਅੱਧ ਸਿੱਖ ਪੰਥ ਵਿਚ ਪੁਨਰ-ਜਾਗ੍ਰਿਤੀ ਲਈ ਪ੍ਰਸਿਧ ਹੈ। ਇਹ ਉਹ ਵਕਤ ਸੀ ਜਦੋਂ ਸਿੱਖ ਪੰਥ ਅੰਦਰੂਨੀ ਤੇ ਬਾਹਰੀ ਦੋਨੋਂ ਤਰ੍ਹਾਂ ਦੇ ਸੰਕਟ ਨਾਲ ਘਿਰਿਆ ਹੋਇਆ ਸੀ। ਸਿੱਖ ਪੰਥ ਦੀ ਧਾਰਮਿਕ ਤੇ ਸਮਾਜਿਕ ਤੌਰ 'ਤੇ ਵਿਲੱਖਣ ਪਹਿਚਾਨ ਉਪਰ ਪ੍ਰਸ਼ਨ ਚਿੰਨ੍ਹ ਲੱਗ ਚੁੱਕੇ ਸਨ। ਸਿੱਖਾਂ ਵਿਚ ਪੁਨਰ-ਜਾਗ੍ਰਿਤੀ ਲਈ ਪੈਦਾ ਹੋਈ ਸਿੰਘ ਸਭਾ ਲਹਿਰ ਦੀ ਪ੍ਰੇਰਨਾ ਨੇ ਹੋਰ ਕਈ ਅਦਾਰਿਆਂ, ਸੰਸਥਾਵਾਂ ਤੇ ਸੰਗਠਨਾਂ ਨੂੰ ਜਨਮ ਦਿੱਤਾ। ਇਨ੍ਹਾਂ ਵਿਚੋਂ ਇਕ ਸੰਸਥਾ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਸੀ, ਜੋ 1894 ਈ. ਵਿਚ ਸਥਾਪਿਤ ਕੀਤੀ ਗਈ। ਇਸ ਸੁਸਾਇਟੀ ਨੇ ਸਿੱਖ ਸਾਹਿਤ ਦੀ ਪੁਨਰ-ਸੁਰਜੀਤੀ ਲਈ ਨਿਰਗੁਣੀਆਰਾ ਨਾਮ ਦਾ ਮਾਸਿਕ ਰਸਾਲਾ ਜਾਰੀ ਕੀਤਾ ਜੋ ਸਿੱਖ ਪੱਤਰਕਾਰੀ ਦੇ ਇਤਿਹਾਸ ਵਿਚ ਬੜਾ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਿਰਗੁਣੀਆਰਾ ਦੇ ਰੂਹੇ-ਰਵਾਂ ਭਾਈ ਵੀਰ ਸਿੰਘ ਜੀ ਸਨ। ਇਸ ਦਾ ਮੁੱਖ ਉੱਦੇਸ਼ ਸਿੱਖਾਂ ਨੂੰ ਆਪਣੇ ਧਾਰਮਿਕ-ਸਮਾਜਿਕ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਰੌਚਕ, ਮਿਆਰੀ, ਠੋਸ ਤੇ ਪ੍ਰੇਰਨਾਮਈ ਸਾਹਿਤ ਦੀ ਸਿਰਜਨਾ ਕਰਨਾ ਸੀ। ਭਾਈ ਵੀਰ ਸਿੰਘ ਜੀ ਦੀ ਸ਼ਖ਼ਸੀਅਤ ਵਿਚ ਰੰਗਿਆ ਇਹ ਰਸਾਲਾ ਸਾਦਗੀ ਤੇ ਨਿਰਲੇਪਤਾ ਦੀ ਆਪਣੀ ਮਿਸਾਲ ਆਪ ਸੀ। ਦਿਖ ਬੜੀ ਸਾਦਾ ਤੇ ਕੀਮਤ ਬਹੁਤ ਹੀ ਘੱਟ ਸੀ। ਕਈ ਵਾਰੀ ਤਾਂ ਇਸ ਉਪਰ ਸੰਪਾਦਕ ਦਾ ਨਾਮ ਵੀ ਨਹੀਂ ਸੀ ਹੁੰਦਾ। ਖੈਰ ਨਿਰਗੁਣੀਆਰਾ ਨੇ ਆਪਣੇ ਵਜੂਦ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਚੁੱਪ-ਚੁਪੀਤੇ ਬੜਾ ਹੀ ਯੋਗਦਾਨ ਪਾਇਆ ਹੈ। ਇਹ ਵੀ ਇਕ ਹਕੀਕਤ ਹੈ ਕਿ ਪਿਛਲੇ ਕੁੱਝ ਅਰਸੇ ਤੋਂ ਇਸ ਵਿਚ ਖੜੋਤ ਆ ਗਈ ਸੀ ਤੇ ਇਹ ਆਪਣੀ ਪਹਿਲੇ ਵਰਗੀ ਤਾਜ਼ਗੀ ਤੋਂ ਊਣਾ ਸੀ। ਇਸ ਨੂੰ ਅਕਾਦਮਿਕ ਦ੍ਰਿਸ਼ਟੀ ਤੋਂ ਨਵੇਂ ਯੁਗ ਦਾ ਹਾਣੀ ਬਣਾਉਣ ਦੀ ਲੋੜ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਸੀ। ਚੀਫ਼ ਖਾਲਸਾ ਦੀਵਾਨ ਨੇ ਇਸ ਉਦੇਸ਼ ਲਈ ਜੋ ਨਵੀਂ ਸੰਪਾਦਕੀ ਟੀਮ ਗਠਿਤ ਕੀਤੀ ਹੈ ਉਹ ਬੜਾ ਹੀ ਸ਼ਲਾਘਾਯੋਗ ਕਾਰਜ ਹੈ। ਨਿਰਗੁਣੀਆਰਾ ਦੇ ਮੁੱਖ ਸੰਪਾਦਕ, ਤੇ ਸੰਪਾਦਕ ਦੋਨੋਂ ਹੀ ਅਕਾਦਮਿਕ ਜਗਤ ਵਿਸ਼ੇਸ਼ ਕਰਕੇ ਪੰਜਾਬੀ ਸਾਹਿਤ ਤੇ ਸਿੱਖ ਧਰਮ ਅਧਿਐਨ ਦੇ ਖੇਤਰ ਵਿਚ ਜਾਣੇ-ਪਹਿਚਾਨੇ ਹਸਤਾਖਰ ਹਨ। ਇਨ੍ਹਾਂ ਨੇ ਨਿਰਗੁਣੀਆਰਾ ਨੂੰ ਪ੍ਰਕਾਸ਼ਿਤ ਕਰਨ ਦੀ ਜੋ ਵਿਉਂਤ-ਬੰਦੀ ਤੇ ਨੀਤੀ ਅਪਨਾਈ ਹੈ ਉਸ ਵਿਚੋਂ ਇਨ੍ਹਾਂ ਦੀ ਮਿਹਨਤ ਤੇ ਵਿਦਵਤਾ ਸਾਫ਼ ਝਲਕਦੀ ਹੈ। ਉਮੀਦ ਹੈ ਇਨ੍ਹਾਂ ਵਿਦਵਾਨਾਂ ਦੇ ਜਤਨਾਂ ਨਾਲ ਨਿਰਗੁਣੀਆਰਾ ਭਵਿਖ ਵਿਚ ਆਪਣਾ ਪੁਰਾਤਨ ਵਕਾਰ ਤੇ ਗੌਰਵ ਪ੍ਰਾਪਤ ਕਰ ਲਵੇਗਾ। ਆਮੀਨ !

***ਡਾਇਰੈਕਟਰ, ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਗੁ.ਨ.ਦੇਵ. ਯੂਨੀ. ਅੰਮ੍ਰਿਤਸਰ।***

**ਪ੍ਰੋ. ਅਮਰਜੀਤ ਕੌਰ:** ਅੱਜ ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਜਦੋਂ ਪੱਛਮੀ ਸਭਿਆਚਾਰ ਦੇ ਮਾਰੂ ਹਮਲੇ ਹੇਠ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਗੰਭੀਰ ਸੰਕਟ ਵਿਚੋਂ ਲੰਘ ਰਹੇ ਹਨ ਤਾਂ 20ਵੀਂ ਸਦੀ ਦੀ ਮਹਾਨ ਸ਼ਖ਼ਸੀਅਤ ਭਾਈ ਵੀਰ ਸਿੰਘ ਦੀਆਂ ਅਦੁੱਤੀ ਰਚਨਾਵਾਂ, ਉਹਨਾਂ ਦੀ ਪੰਜਾਬੀ ਸਮਾਜ ਅਤੇ ਸਭਿਆਚਾਰ ਨੂੰ ਦੇਣ, ਵਿਸ਼ੇਸ਼ ਤੌਰ ਤੇ ਸਿੱਖੀ ਨੂੰ ਸਮੇਂ ਦੇ ਹਾਣ ਦਾ ਬਣਾਉਣਾ ਆਦਿ ਦੇ ਹਵਾਲੇ ਨਾਲ ਮੁੜ "ਪੁਨਰ ਜਾਗਰਿਤੀ" ਦੀ ਲਹਿਰ ਉਸਾਰਣ ਲਈ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਵਲੋਂ ਨਿਰਗੁਣੀਆਰਾ ਛਾਪਣਾ ਇਕ ਅਹਿਮ ਕਦਮ ਹੈ ਪੰਜਾਬੀ ਦੇ ਅੰਤਰਰਾਸ਼ਟਰੀ ਪ੍ਰਸਿਧੀ ਦੇ ਵਿਦਵਾਨ, ਪੰਜਾਬੀ ਭਾਸ਼ਾ ਵਿਕਾਸ ਦੀ ਯੋਜਨਾ ਬੰਦੀ ਦੇ ਮਾਹਰ ਅਤੇ ਉੱਚ ਵਿਦਿਅਕ ਨੀਤੀਵਾਨ, ਅਤੇ ਸਿੱਖ ਧਰਮ ਦੇ ਉਘੇ ਵਿਦਵਾਨ ਤੇ ਸਿਧਾਂਤਕਾਰ ਨੂੰ ਇਹ ਜ਼ੁੰਮੇਵਾਰੀ ਸੌਂਪਣਾ ਚੀਫ਼ ਖਾਲਸਾ ਦੀਵਾਨ ਵਲੋਂ ਇਸ ਕਾਰਜ ਨੂੰ ਬਣਦੀ ਵਿਸ਼ੇਸ਼ਤਾ ਦੇਣਾ ਹੈ। ਆਸ ਹੈ ਕਿ ਸਮਕਾਲੀਨ ਚੁਣੌਤੀਆਂ ਦੇ ਸਨਮੁੱਖ ਪੰਜਾਬੀਆਂ ਨੂੰ ਆਪਣੀ ਵਿਰਸੇ ਨਾਲ ਜੋੜਦਾ ਹੋਇਆ ਨਿਰਗੁਣੀਆਰਾ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਸਿੱਖ ਕੌਮ ਦੇ ਭੱਖਦੇ ਮਸਲਿਆਂ ਲਈ ਪੰਜਾਬੀ ਦੇ ਵਿਦਵਾਨਾਂ, ਲੇਖਕਾਂ ਅਤੇ ਸਮੂਹ ਲੋਕਾਂ ਲਈ ਸਾਂਝਾ ਮੰਚ ਪ੍ਰਦਾਨ ਕਰੇਗਾ। ਮੈਂ ਇਹਨਾਂ ਸ਼ੁਭ ਕਾਮਨਾਵਾਂ ਨਾਲ ਚੀਫ਼ ਖਾਲਸਾ ਦੀਵਾਨ ਅਤੇ ਮੈਗਜ਼ੀਨ ਦੀ ਸੰਪਾਦਕੀ ਟੀਮ ਨੂੰ ਵਧਾਈ ਦਿੰਦੀ ਹਾਂ।

***ਪੰਜਾਬੀ ਭਾਸ਼ਾ ਵਿਕਾਸ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ***